

# ਰਬਾਬ ਉਦਾਸ ਹੈ

ਰਾਜਿੰਦਰ ਪਰਦੇਸੀ

# ਨਗ਼ਮਾ ਉਦਾਸ ਹੈ

ਰਾਜਿੰਦਰ ਪਰਦੇਸੀ

NAGMA UDAS HAI
(Poems)

By
Rajinder Pardesi

Published by
GYANDEEP
71, Dayanand Vihar
Delhi—110 092

ਨਗ਼ਮਾ ਉਦਾਸ ਹੈ
(ਕਾਵਿ-ਸੰਗ੍ਰਹਿ)

ਰਾਜਿੰਦਰ ਪਰਦੇਸੀ

ਪ੍ਰਕਾਸ਼ਕ :
ਗਿਆਨਦੀਪ
71, ਦਯਾਨੰਦ ਵਿਹਾਰ
ਦਿੱਲੀ 110 092

ਕੰਪੋਜ਼ਿੰਗ :
ਪਲਾਹਾ ਕੰਪੋਜ਼ਿੰਗ ਹਾਊਸ,
N.H 386, ਕਰਾਰ ਖਾਂ ਮੁਹੱਲਾ, ਜਲੰਧਰ ।

ਛਾਪਕ :
ਸੇਂਟ ਪ੍ਰਿੰਟਰਜ਼,
ਚਹਾਰ ਬਾਗ, ਜਲੰਧਰ ।

ਮੁੱਲ 40 ਰੁ:

ਪਹਿਲੀ ਵਾਰ : 1990

ਚਿਤਰਕਾਰ
ਸੁਖਵੰਤ


ਸ਼ਹਿਨਸ਼ਾਹੇ ਗ਼ਜ਼ਲ, ਆਪਣੇ ਉਸਤਾਦ ਜੀ,
ਪ੍ਰਿੰ: ਤਖ਼ਤ ਸਿੰਘ ਜੀ ਨੂੰ
ਜਿੰਨਾਂ ਦੀ ਉਂਗਲ ਫੜ੍ਹ ਕੇ ਮੈਂ
ਸਾਹਿਤ ਖੇਤਰ ਵਿਚ
ਤੁਰਨਾ ਸਿਖਿਆ ।

# ਮੇਰੀ ਸ਼ਾਇਰੀ ਦੀ ਦਾਸਤਾਂ

ਨਗਮਾ ਉਦਾਸ ਹੈ ਅਤੇ ਇਹ ਆਪਣੀ ਉਦਾਸੀਨਤਾ ਲੈ ਕੇ ਤੁਹਾਡੇ ਕੋਲ ਹਾਜ਼ਿਰ ਹੈ। ਦਿਲ ਚੋਂ ਉੱਠੀ ਚੀਸ ਦੀ ਮਹੀਨ ਜਹੀ ਤਰੰਗ ਕਈ ਵਾਰ ਕਵਿਤਾ ਗ਼ਜ਼ਲ, ਨਜ਼ਮ, ਜਾਂ ਗੀਤ ਦਾ ਰੂਪ ਧਾਰ ਲੈਂਦੀ ਹੈ ਅਤੇ ਜਦੋਂ ਜ਼ਖ਼ਮ ਏਨੇ ਡੂੰਘੇਰੇ ਹੋਣ, ਬੁਲਬੁਲ ਦੇ ਗੀਤ ਤੋਂ ਲੈ ਕੇ ਮਹਿਕਾਂ ਤਕ ਜ਼ਖ਼ਮੀ ਹੋ ਜਾਣ, ਏਥੋਂ ਤਕ ਕਿ ਚਮਨ ਚੋਂ ਪਰਿੰਦੇ ਵੀ ਆਲ੍ਹਣੇ ਛੱਡ, ਕਿਸੇ ਹੋਰ ਚਮਨ ਦੀ ਭਾਲ ਵਿਚ ਨਿਕਲ ਜਾਣ, ਤਾਂ ਸੁਭਾਵਿਕ ਹੀ ਹੈ ਕਿ ਕਾਨੀਆਂ ਦੀਆਂ ਕੁੱਖਾਂ ਚੋਂ ਉਦਾਸ ਨਗਮੇ ਹੀ ਜਨਮ ਲੈਣਗੇ ਅਤੇ ਜੋ ਕਾਨੀਆਂ ਬਾਂਝ ਹੋ ਜਾਣਗੀਆਂ ਉਹ ਖ਼ੁਦ-ਬ-ਖ਼ੁਦ ਸ਼ਰਮ ਨਾਲ ਖ਼ੁਦਕੁਸ਼ੀ ਕਰ ਲੈਣਗੀਆਂ।

ਭਾਵੇਂ ਤੁਹਾਡੇ ਹੱਥਾਂ ਵਿਚ ਮੇਰਾ ਇਹ ਦੂਸਰਾ ਕਾਵਿ ਸੰਗ੍ਰਿਹ ਹੈ ਪਰ ਇਸ ਵਿਚਲੀਆਂ ਬਹੁਤੀਆਂ ਰਚਨਾਵਾਂ ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ "ਅੱਖਰ ਅੱਖਰ ਤਨਹਾਈ" ਨਾਲੋਂ ਵੀ ਕਿਤੇ ਵਡੇਰੀ ਉਮਰ ਦੀਆਂ ਹਨ। ਨਵੀਆਂ ਅਤੇ ਪੁਰਾਣੀਆਂ ਰਚਨਾਵਾਂ ਦਾ ਅੰਤਰ ਸੂਝਵਾਨ ਪਾਠਕ ਤੇ ਆਲੋਚਕ ਆਪ ਹੀ ਵੇਖ ਲੈਣਗੇ।

ਸ਼ਾਇਰੀ ਮੇਰਾ ਕਿੱਤਾ ਨਹੀਂ ਇਹ ਮੇਰੀ ਰੂਹ ਦੀ ਖ਼ੁਰਾਕ ਹੈ। ਮਨੁੱਖ ਹਰ ਸਮੇਂ ਇੱਕੋ ਜਹੀ ਸਥਿਤੀ ਵਿਚ ਨਹੀਂ ਹੁੰਦਾ। ਕਦੀ ਉਹ ਰੁਮਾਂਟਿਕ ਹੁੰਦਾ ਹੈ, ਕਦੀ ਨਿਰਾਸ਼ਾ ਗ੍ਰਸਥ, ਕਦੀ ਲੋਹਾ ਲਾਖਾ, ਕਦੀ ਕਿਸੇ ਦੇ ਦੁੱਖ ਵਿਚ ਸ਼ਰੀਕ, ਅਤੇ ਕਦੀ ਆਪਣੇ ਆਪ ਚੋਂ ਗ਼ੈਰ ਹਾਜ਼ਿਰ ਵੀ ਅਤੇ ਜਦੋਂ ਮਨੁੱਖ ਆਪਣੇ ਆਪ ਚੋਂ ਗ਼ੈਰ ਹਾਜ਼ਿਰ ਹੁੰਦਾ ਹੈ ਤਾਂ ਉਦੋਂ ਉਹ ਸੁਪਨੇ ਦੀ ਜੂਨ ਹੰਢਾ ਰਿਹਾ ਹੁੰਦਾ ਹੈ। ਇਕ ਕੁਦਰਤੀ ਸ਼ਾਇਰ ਇੰਨ ਬਿੰਨ ਇਸੇ ਤਰ੍ਹਾਂ ਦਾ ਹੋਵੇਗਾ ਅਤੇ ਇਕ ਕੁਦਰਤੀ ਸ਼ਾਇਰ ਦੀ ਸ਼ਾਇਰੀ ਵਿਚ ਉਪਰੋਕਤ ਸਾਰੇ ਹੀ ਗੁਣ (ਭਾਵੇਂ ਤੁਸੀਂ ਇਸ ਨੂੰ ਔਗੁਣ ਸਮਝੋ) ਹੋਣਗੇ। ਉਸ ਤੋਂ ਇਕ ਹੀ ਤਰ੍ਹਾਂ ਦੀ ਸ਼ਾਇਰੀ ਦੀ ਆਸ ਕਿ ਉਹ ਸਮਾਜਵਾਦ ਦੀ ਹੀ ਨਾਅਰੇ ਬਾਜ਼ੀ ਕਰੇ ਬਿਲਕੁਲ ਫ਼ਜ਼ੂਲ ਹੈ। ਇਸੇ ਕਰਕੇ ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ "ਅੱਖਰ ਅੱਖਰ ਤਨਹਾਈ" ਦੇ ਮੁੱਖ ਬੰਦ ਵਿਚ ਮੇਰੇ ਉਸਤਾਦ ਜਨਾਬ ਪ੍ਰਿ: ਤਖ਼ਤ ਸਿੰਘ ਜੀ ਨੇ ਲਿਖਿਆ ਸੀ :

ਪਰਦੇਸੀ ਦੀ ਗ਼ਜ਼ਲ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਪਾਰਟੀ ਦਾ ਖ਼ੁਸ਼ਕ ਮੈਨੀਫੈਸਟੋ ਬਣਨੋਂ ਇਨਕਾਰੀ ਹੈ। ਹਾਲਾਂ ਕਿ ਉਸ ਦੇ ਬਹੁਤੇ ਸ਼ਿਅਰਾਂ ਵਿਚ ਅਧੋਗਤੀ ਦੀ ਡੂੰਘੀ ਖੱਡ ਵਿਚ ਡਿੱਗੇ ਸਮਾਜ ਪ੍ਰਤੀ ਉਸ ਦੇ ਮਨ ਦੀ ਪੀੜ ਨਿੱਕੇ ਨਿੱਕੇ ਹਟਕੋਰੇ ਭਰਦੀ ਸਾਫ਼ ਪ੍ਰਤੀਤ ਹੁੰਦੀ ਹੈ। ਪਰ ਮਜਾਲ ਹੈ ਉਹ ਆਪਣੇ ਕੌੜੇ ਅਨੁਭਵ ਨੂੰ ਕਿਸੇ ਪਾਰਟੀ ਦੇ ਪ੍ਰਚਾਰਕ ਵਾਂਗ ਕਿਸੇ ਪ੍ਰਕਾਰ ਦੀ ਕੋਈ ਰਾਜਨੀਤਕ ਰੰਗਣ ਚੜ੍ਹਨ ਦੇਵੇ ਜਾਂ ਇਸਦੇ ਫੋਕੇ ਨਾਅਰਿਆਂ ਲਈ ਆਪਣੀ ਗ਼ਜ਼ਲ ਤੋਂ ਲਾਊਡ ਸਪੀਕਰ ਦਾ ਕੰਮ ਲੈਣ ਲੱਗ ਪਾਵੇ। ਇਸ ਦਾ ਇਹ ਮਤਲਬ ਵੀ ਨਹੀਂ ਕਿ ਜੇ ਉਹ

ਆਪਣੀ ਗ਼ਜ਼ਲ ਨਾਲ ਕੋਈ ਰਾਜਨੀਤਕ ਮੰਤਵ ਚਿਪਕਾਕੇ ਕਿਸੇ ਵਿਸ਼ੇਸ਼ ਸਿਆਸੀ ਦ੍ਰਿਸ਼ਟੀਕੋਣ ਨੂੰ ਮੂਰਤੀਮਾਨ ਕਰਨ ਲਈ ਇਕ ਹਥਿਆਰ ਵਜੋਂ ਨਹੀਂ ਵਰਤਦਾ ਤਾਂ ਉਹ ਕੇਵਲ (ਕਲਾ ਕਲਾ ਲਈ) ਦੇ ਸਿਧਾਂਤ ਦਾ ਪੱਕਾ ਸਮਰਥਨ ਕਰਦਾ ਹੈ। ਉਸ ਦੀ ਸਿਰਜਣਾ ਦੀ ਯਾਤਰਾ ਇੱਕੋ ਸਮੇਂ ਦੋ ਦਿਸ਼ਾਵਾਂ ਵਲ ਜਾਰੀ ਹੈ। ਇਕ ਦਿਸ਼ਾ ਤਾਂ ਉਸ ਦੇ ਭਾਵਨਾਤਮਕ, ਸੰਘਰਸ਼ ਅਤੇ ਮਾਨਸਿਕ ਤਜਰਬਿਆਂ ਨੂੰ ਪ੍ਰਤਿਬਿੰਬਤ ਕਰਦੀ ਹੈ ਅਤੇ ਦੂਜੀ ਆਪਣੀ ਪ੍ਰੇਮਕਾ ਨਾਲ ਉਸ ਦੇ ਸੰਬੰਧਾਂ ਦੀ ਪਲ ਪਲ ਬਦਲਦੀ ਸਥਿਤੀ ਨੂੰ ਉਘਾੜਦੀ ਹੈ।

ਪ੍ਰਿ: ਸਾਹਿਬ ਨੇ ਬਿਲਕੁਲ ਦਰੁਸਤ ਕਿਹਾ ਹੈ। ਮੇਰੀ ਪ੍ਰਤੀਬੱਧਤਾ ਕਿਸੇ ਪਾਰਟੀ ਵਿਸ਼ੇਸ਼ ਨਾਲ ਨਹੀਂ ਬਲਕਿ ਸੱਚਾਈ ਨਾਲ ਹੈ। ਇਸ ਗੱਲ ਦਾ ਪ੍ਰਮਾਣ ਤੁਹਾਨੂੰ **ਨਗ਼ਮਾ ਉਦਾਸ ਹੈ** ਪੜ੍ਹਦਿਆਂ ਮਿਲ ਹੀ ਜਾਵੇਗਾ ਕੁਝ ਕਾਵਿ ਟੁਕੜੀਆਂ ਵੇਖੋ :

ਲਗਦਾ ਹੈ ਪਾਣੀ ਉੱਤੇ,
ਵੱਜੀ ਕਿ ਲੀਕ ਵੱਜੀ।
ਲਗਦੈ ਹਵਾ ਨੂੰ ਕੋਈ,
ਹੁਣ ਦੇ ਰਿਹਾ ਹੈ ਗੰਢਾਂ।
ਲਗਦਾ ਹੈ ਝਰਨਿਆਂ ਨੇ,
ਜਿਉਂ ਖ਼ੁਦਕੁਸ਼ੀ ਹੈ ਕਰਨੀ।
ਡਰ ਝਰਨਿਆਂ ਨੂੰ ਹੈ ਹੁਣ,
ਸੰਗੀਤ ਡੁਬ ਮਰੇਗਾ।
ਪਰ ਕਿੱਥੇ ਡੁਬ ਮਰੇ ਹੁਣ,
ਮੇਰਾ ਉਦਾਸ ਨਗ਼ਮਾ।

(ਨਗ਼ਮਾ ਉਦਾਸ ਹੈ)

ਜੇ ਮੈਂ ਉਪਰੋਕਤ ਕਾਵਿ ਟੁਕੜੀ ਰਾਹੀਂ ਪੰਜਾਬ ਦੀ ਮੌਜੂਦਾ ਸਥਿਤੀ ਜੋ ਪਿਛਲੇ ਕਈ ਸਾਲਾਂ ਤੋਂ ਵਿਗੜਦੀ ਚਲੀ ਜਾ ਰਹੀ ਹੈ ਦੇ ਦੁਖਾਂਤ ਦਾ ਰੂਪਾਂਤਰਣ ਕੀਤਾ ਹੈ ਤਾਂ ਮੈਂ ਰਾਜਧਾਨੀ ਵਿਚ ਹੋਏ ਜ਼ੁਲਮ ਨੂੰ ਵੇਖ ਕੇ ਕਿਸੇ ਭੈਅ ਦੇ ਡਰੋਂ ਅੱਖਾਂ ਨਹੀਂ ਮੀਟੀਆਂ।

ਤੇਰੇ ਮੌਢੇ ਬੈਠ ਮਨੁੱਖਤਾ,
ਦਿਨ ਦੀਵੀਂ ਗਈ ਸਾੜੀ।
ਤੂੰ ਅੱਗ ਵੰਡੀ ਹੱਥੀਂ,
ਜ਼ਾਲਿਮ ਸਾੜ ਗਏ ਫੁਲਵਾੜੀ।
"ਬਾਬੇ ਨਾਨਕ" ਦੇ "ਮੱਤ" ਦੀ,
ਅਜ ਤੂੰ ਕੀਤੀ ਦੁਰਗੱਤ।
ਨੀ ਦਿੱਲੀਏ,
ਹੋਇਓਂ ਰੱਤੋ ਰੱਤ।

(ਦਿੱਲੀ ਦਾ ਮਰਸੀਆ)



ਮਰਸੀਆ ਲਿਖ ਕੇ ਮੈਂ ਕਿਸੇ ਫਿਰਕੇ ਨੂੰ ਹਵਾ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਆਪਣੇ ਫ਼ਰਜ਼ ਅਤੇ ਆਪਣੇ ਅੰਦਰਲੇ ਦਰਦ ਦਾ ਪ੍ਰਗਟਾਓ ਹੀ ਕੀਤਾ ਹੈ ਮੈਂ ਜਿੱਥੇ ਮਰਸੀਆ ਲਿਖਿਆ ਹੈ, ਓਥੇ ਨਾਲ ਹੀ ਪਾਣੀ ਉੱਤੇ ਲੀਕ, ਮਾਰਨ ਦੀ ਕੋਸ਼ਿਸ਼ ਵਿਚ ਲੱਗਿਆਂ ਨੂੰ ਵੀ ਸੁਚੇਤ ਕਰਨੋਂ ਗੁਰੇਜ ਨਹੀਂ ਕੀਤਾ।

ਜ਼ਰਾ ਸੋਚੋ ਕਿ ਪੰਜਾ ਸਾਹਿਬ ਤੇ,
ਕਿੱਥੇ ਹੈ ਨਨਕਾਣਾ।
ਉਹ ਵੇਲਾ ਹੱਥ ਨਹੀਂ ਆਇਆ,
ਇਹ ਵੇਲਾ ਹੱਥ ਨਹੀਂ ਆਣਾ।
ਅਸੀਂ ਗ਼ਲਤੀ ਪੁਰਾਣੀ ਫਿਰ,
ਨਾ ਦੁਹਰਾਈਏ, ਨਾ ਦੁਹਰਾਈਏ।
ਜੇ ਕੇਰਾਂ ਬਣ ਗਏ ਬੰਨੇ,
ਮਿਟਾਏ ਜਾ ਨਹੀਂ ਸਕਣੇ।
ਤੇ ਫਿਰ ਦੀਵੇ ਮੁਹੱਬਤ ਦੇ,
ਜਗਾਏ ਜਾ ਨਹੀਂ ਸਕਣੇ। (ਜ਼ਰਾ ਸੋਚੋ)

ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਮੈਂ ਜੋ ਲਿਖਾਂ ਉਸ ਦਾ ਸਿੱਧਾ ਤੇ ਸਪਾਟ ਅਸਰ ਪਾਠਕ ਦੇ ਮਨ ਤੇ ਹੋਵੇ। ਕਲਾ, ਕਲਾ ਲਈ ਨਹੀਂ, ਦਾ ਨਾਅਰਾ ਲਾਉਣ ਵਾਲੇ ਵੀ ਅਕਸਰ ਇਸ ਤਰ੍ਹਾਂ ਦੀ ਰਚਨਾ ਕਰਦੇ ਹਨ ਕਿ ਜਿਨ੍ਹਾਂ ਲੋਕਾਂ ਲਈ ਉਹ ਲਿਖਦੇ ਹਨ ਉਹਨਾਂ ਦੇ ਵੀ ਕੁਝ ਪਿੜ ਪੱਲੇ ਨਹੀਂ ਪੈਂਦਾ। ਹਾਂ ਕੁਝ ਆਲੋਚਕ ਦੋਸਤ ਜ਼ਰੂਰ ਖੁਸ਼ ਹੋ ਜਾਂਦੇ ਹਨ ਕਿ ਸਿਰਫ਼ ਉਹਨਾਂ ਦੇ ਹੀ ਸਮਝ ਆਉਣ ਵਾਲੀ ਰਚਨਾ ਹੈ—ਆਧੁਨਿਕਤਾ ਦੇ ਨਾਂ ਤੇ ਵੀ ਅਜੇਹਾ ਹੀ ਬਹੁਤ ਕੁਝ ਲਿਖਿਆ ਜਾ ਰਿਹਾ ਹੈ ਜਿਸ ਵਿਚ ਬਿੰਬਾਂ ਪ੍ਰਤੀਕਾਂ ਦੀ ਏਨੀ ਭਰਮਾਰ ਹੁੰਦੀ ਹੈ ਕਿ ਕਵਿਤਾ ਸ਼ਬਦਜਾਲ ਤੋਂ ਵੱਧ ਕੁਝ ਵੀ ਨਹੀਂ ਲਗਦੀ। ਜਿਸ ਕਵਿਤਾ ਦੇ ਅਰਥ ਹਰ ਬੰਦਾ ਆਪਣੇ ਹੀ ਢੰਗ ਨਾਲ ਕੱਢੇਗਾ ਉਹ ਕਵਿਤਾ ਨਾ ਤੇ ਕਵੀ ਦਾ ਹੀ ਕੁਝ ਸੁਆਰ ਸਕਦੀ ਹੈ ਅਤੇ ਨਾ ਹੀ ਕਿਸੇ ਹੋਰ ਦਾ। ਮੇਰੇ ਗ਼ਜ਼ਲ ਸੰਗ੍ਰਹਿ-ਅੱਖਰ-ਅੱਖਰ-ਤਨਹਾਈ ਤੇ ਅਲੋਚਨਾ-ਪੱਤਰ ਪੜ੍ਹਦਿਆਂ ਡਾਕਟਰ ਜਗਤਾਰ ਨੇ ਕਿਹਾ ਸੀ—

'ਆਧੁਨਿਕਤਾ ਦੇ ਨਾਂ ਤੇ ਲਿਖੀ ਜਾ ਰਹੀ ਗ਼ਜ਼ਲ ਦੇ ਕੁਝ ਅਨੁਯਾਈ ਬੜੀਆਂ ਹੀ ਬੇ-ਸਿਰ ਬੇ-ਪੈਰ ਗ਼ਜ਼ਲਾਂ ਲਿਖ ਰਹੇ ਹਨ ਜਿਨ੍ਹਾਂ ਵਿਚ......'

ਕੁਝ ਇਕ ਸ਼ਾਇਰਾਂ ਦੇ ਨਾਵਾਂ ਦੇ ਹਵਾਲੇ ਦੇ ਨਾਲ-ਨਾਲ ਉਹਨਾਂ ਦੇ ਸ਼ਿਅਰ ਵੀ ਡਾਕਟਰ ਸਾਹਿਬ ਨੇ ਕੋਟ ਕੀਤੇ ਅਤੇ ਅੱਗੇ ਚੱਲ ਕੇ ਕਿਹਾ ਕਿ,

"ਰਾਜਿੰਦਰ ਪਰਦੇਸੀ ਦੀਆਂ ਗ਼ਜ਼ਲਾਂ ਉਪਰੋਕਤ ਕਿਸਮ ਦੇ ਸ਼ਾਇਰਾਂ ਵਾਂਗ ਬੇ-ਬਹਿਰੀਆਂ, ਨੀਰਸ, ਉਲਝੀਆਂ ਹੋਈਆਂ, ਅਤੇ ਕਹਿ-ਮੁਕਰਨੀਆਂ ਨਹੀਂ। ਸਗੋਂ ਪਰਦੇਸੀ ਦਾ ਛੰਦ ਪ੍ਰਬੰਧ ਕਾਬਿਲੇ ਰਸ਼ਕ ਹੈ।

ਮੈਂ ਆਧੁਨਿਕਤਾ ਦਾ ਵਿਰੋਧੀ ਨਹੀਂ । ਪਰ ਪਰੰਪਰਾ ਨਾਲੋਂ ਟੁੱਟ ਕੇ ਸਿਰਜੀ ਆਧੁਨਿਕ ਕਵਿਤਾ ਮੈਂ ਸਮਝਦਾ ਹਾਂ ਸਫ਼ਲ ਕਵਿਤਾ ਨਹੀਂ ਹੋ ਸਕਦੀ । ਆਧੁਨਿਕਤਾ ਅਤੇ ਪ੍ਰੰਪਰਾ ਦੇ ਸੁਮੇਲ ਨਾਲ ਹੀ ਸਫ਼ਲ ਕਵਿਤਾ ਸਿਰਜੀ ਜਾ ਸਕਦੀ ਹੈ । ਮਿਸਾਲ ਦੇ ਤੌਰ ਤੇ ਮੇਰੀਆਂ ਗ਼ਜ਼ਲਾਂ ਦੇ ਸ਼ਿਅਰ ਵੇਖੋ ।

ਹਾਸਿਆਂ ਦੀ ਮੌਤ ਦਾ ਗ਼ਮ ਸਭ ਨੂੰ ਹੈ,
ਨਾ ਤੁਸੀਂ ਮਾਤਮ ਮਨਾਵੋ ਦਿਨ ਢਲੇ ।
ਜੋ ਬਣ ਕੇ ਚੰਦ ਚਮਕੇ ਸੀ ਉਹ ਟੁੱਟੇ ਤਾਰਿਆਂ ਵਾਂਗੂੰ,
ਖ਼ਲਾ ਅੰਦਰ ਜਦੋਂ ਖ਼ਿਲਰੇ ਵਰ੍ਹੇ ਅੰਗਿਆਰਿਆਂ ਵਾਂਗੂੰ ।

ਇਸ ਕਾਵਿ ਸੰਗ੍ਰਹਿ ਵਿਚ, ਗੀਤ, ਗ਼ਜ਼ਲਾਂ ਅਤੇ ਨਜ਼ਮਾਂ ਸ਼ਾਮਿਲ ਹਨ । ਕਿਤਾਬ ਚੋਂ ਰਚਨਾ ਨੂੰ ਛੇਤੀ ਲੱਭਣ ਦੀ ਦ੍ਰਿਸ਼ਟੀ ਨਾਲ ਮੈਂ ਗ਼ਜ਼ਲਾਂ ਦੇ ਵੀ ਸਿਰਲੇਖ ਹੀ ਦੇ ਦਿੱਤੇ ਹਨ । ਗੀਤਾਂ ਵਿਚ ਵੀ ਮੈਂ ਗ਼ਜ਼ਲ ਦਾ ਰੰਗ ਬਰਕਰਾਰ ਰੱਖਣ ਦਾ ਯਤਨ ਕੀਤਾ ਹੈ । ਮੈਂ ਇਸ ਵਿਚ ਕਿੰਨਾਂ ਕੁ ਸਫ਼ਲ ਹੋਇਆ ਹਾਂ, ਇਹ ਤੁਸੀਂ ਵੇਖਣਾ ਹੈ । ਪੇਸ਼ ਹਨ ਗੀਤਾਂ ਦੀਆਂ ਕੁਝ ਸਤਰਾਂ :

ਇਹ ਦੁਨੀਆਂ ਖ਼ੁਦਗਰਜ਼ਾਂ ਦੀ ਜ਼ਰਦਾਰਾਂ ਦੀ ।
ਏਥੇ ਕਿਸ ਨੂੰ ਸਾਰ ਪਵਿੱਤਰ ਪਿਆਰਾਂ ਦੀ ।
ਕਿਸ ਕੋਲੇ ਹੈ ਵਿਹਲ ਮੁਹੱਬਤ ਕਰਨੇ ਦੀ,
ਏਥੇ ਲੱਗੀ ਦੋੜ ਸਕੂਟਰ ਕਾਰਾਂ ਦੀ ।
(ਜਿੰਦੇ ਮੇਰੀਏ)

ਵਾ ਅੰਗਿਆਰਾਂ ਸੰਗ ਖਹਿ ਖਹਿ ਕੇ,
ਅੱਗ ਫਿਰੇ ਭੜਕਾਂਦੀ ਵੇ ।
ਖ਼ਬਰੇ ਕਿਉਂ ਆਏ ਦਿਨ ਸਾਡੀ,
ਰਾਤ ਸਰਾਪੀ ਜਾਂਦੀ ਵੇ ।
(ਚਾਨਣੀਆਂ ਦਾ ਦਰਿਆ)

ਚਾਨਣ ਦੀ ਘੁਟ ਬਦਲੇ ਜਿੰਦੇ,
ਘੋਰ ਹਨੇਰੇ ਗੁੰਦੇ ।
ਫੁੱਲ ਅਤੇ "ਪਰਦੇਸੀ" ਰੌਣਕ,
ਪਲ ਦੋ ਪਲ ਦੀ ਗੁੰਦੇ ।

'ਨਗ਼ਮਾ ਉਦਾਸ ਹੈ' ਮੇਰਾ ਇਹ ਦੂਸਰਾ ਕਾਵਿ ਸੰਗ੍ਰਹਿ ਤੁਹਾਨੂੰ ਕਿਸ ਤਰ੍ਹਾਂ ਦਾ ਲੱਗਾ ? ਆਸ ਹੈ ਕਿ ਤੁਸੀਂ ਮੇਰੇ ਪਹਿਲੇ ਗ਼ਜ਼ਲ ਸੰਗ੍ਰਹਿ ਵਾਂਗ ਹੀ ਇਸ ਨੂੰ ਪੜ੍ਹ ਕੇ ਵੀ ਆਪਣੀ ਰਾਇ ਜ਼ਰੂਰ ਭੇਜੋਗੇ । ਮੈਂ ਤੁਹਾਡੀ ਉਸਾਰੂ ਆਲੋਚਨਾ ਦਾ ਹਰ ਸਮੇਂ ਸਤਿਕਾਰ ਕਰਾਂਗਾ ।

**ਰਾਜਿੰਦਰ ਪਰਦੇਸੀ**



## ਤਤਕਰਾ


13 ਨਗ਼ਮਾ ਉਦਾਸ ਹੈ
15 ਚਿੱਠੀ
16 ਜ਼ਰਾ ਸੋਚੋ
17 ਦਿੱਲੀ ਦਾ ਮਰਸੀਆ
19 ਦਿਨ ਢਲੇ
20 ਮੋਈ ਮਹਿਕ ਦਾ ਗੀਤ
22 ਟੁੱਟੇ ਤਾਰਿਆਂ ਵਾਂਗੂ
23 ਸਰਾਪੀ ਜ਼ਿੰਦਗੀ
25 ਚੰਗਾ ਸੀ
26 ?......
31 ਬੇ-ਨਾਮ ਰਿਸ਼ਤਾ
33 ਵਾਂਗੂੰ
34 ਦਸਤੂਰ
36 ਖ਼ਤ
38 ਕਾਹਨੂੰ ਲਾਈਆਂ
40 ਸਹੁੰ
42 ਸੁਪਣੇ ਹੋਏ ਲੀਰਾਂ
44 ਦੋ ਪਲ ਰਲ ਬੀਹਏ
46 ਰਾਤ ਦਿਨ
47 ਮੇਰੇ ਸਜਨਾ
48 ਪਿੱਛੋਂ
49 ਪੀੜ ਪਰੁੰਣੀ ਆਈ
50 ਸੋਚਿਆ ਸੀ
51 ਬੀਤੇ ਦੀ ਅਰਥੀ
52 ਆਪਾ ਜਲ ਰਿਹਾ ਹੈ
54 ਮਾਏ ਨੀ
56 ਵੇਖ ?
58 ਤੂੰ ਕੀ ਜਾਣੇ
60 ਇਸ਼ਕ
61 ਸਾਦਗੀ
62 ਲੋਹੜੀ ਵਾਲੀ ਰਾਤ
63 ਦਿਲ ਦੀ ਅੱਗ
64 ਫੇਰ ਕੀ ਤੂੰ ਰੱਬ ਹੋ ਗਈਓਂ
65 ਹੋ ਗਿਆ ਖ਼ੂਨ ਸਫ਼ੇਦ
66 ਖ਼ੁਦਾ ਹਾਫ਼ਿਜ਼
67 ਚਾਨਣੀਆਂ ਦਾ ਦਰਿਆ
69 ਜਿੰਦੇ ਮੇਰੀਏ
70 ਤੇਰੇ ਤੁਰ ਜਾਣ ਤੋਂ ਪਹਿਲਾਂ
71 ਜ਼ੁਲਮ ਅੱਗੇ
72 ਸਾਲ—(1980 ਨੂੰ ਸਮਰਪਤ)
73 ਦਰਿਆਵਾਂ ਨਾਲ
74 ਇਲਜ਼ਾਮ
76 ਸੁਪਨਾ ਝੁਲਸ ਗਿਆ
77 ਮੈਂ ਕਦੀ ਨਹੀਂ ਸੌਂਵਾਂਗਾ
79 ਗੀਤ ਮੇਰੀ ਪ੍ਰੀਤ

# ਨਗ਼ਮਾ ਉਦਾਸ ਹੈ

ਉਲਫ਼ਤ ਦਾ ਸਾਜ਼ ਛੇੜੋ,
ਨਗ਼ਮਾ ਉਦਾਸ ਹੈ !
ਨਗ਼ਮਾ ਉਦਾਸ ਹੈ ਕਿ,
ਕਲੀਆਂ ਦੀ ਮਹਿਕ ਜ਼ਖ਼ਮੀਂ,
ਭੰਵਰਾਂ ਦੇ ਹੋਠ ਜ਼ਖ਼ਮੀ,
ਬੁਲਬੁਲ ਦੇ ਗੀਤ ਜ਼ਖ਼ਮੀ,
ਕੋਇਲ ਦੀ ਕੂਕ ਜ਼ਖ਼ਮੀ,
ਜ਼ਖ਼ਮੀ ਹੈ ਡਾਲੀ ਡਾਲੀ,
ਖ਼ਾਮੋਸ਼ ਫਿਰ ਵੀ ਮਾਲੀ।

ਅੰਬਰ ਨੇ ਹੰਝੂ ਕੇਰੇ,
ਪੌਣਾਂ ਨੇ ਵੈਣ ਪਾਏ,
ਇਹ ਆਲ੍ਹਣੇ ਚਮਨ ਦੇ,
ਕਿਉਂ ਹੋ ਰਹੇ ਨੇ ਖ਼ਾਲੀ !

ਕਿਸ ਦਾ ਸਰਾਪ ਲੱਗਾ,
ਇਹ ਕਿਸ ਦੀ ਬਦਦੁਆ ਹੈ,
ਸਾਜ਼ਾਂ ਦੇ ਪਈਆਂ ਦੰਦਲਾਂ,
ਗੀਤਾਂ ਦੇ ਬੁਲ੍ਹ ਠਾਰੇ,
ਰੋਂਦਾ ਹੈ ਹੁਬਕੀਂ ਹੁਬਕੀਂ,
ਨਗ਼ਮਾ ਉਦਾਸ ਮੇਰਾ !

ਲਗਦਾ ਹੈ ਪਾਣੀ ਉੱਤੇ,
ਵੱਜੀ ਕਿ ਲੀਕ ਵੱਜੀ,
ਲਗਦੈ ਹਵਾ ਨੂੰ ਕੋਈ,
ਹੁਣ ਦੇ ਰਿਹਾ ਹੈ ਗੰਢਾਂ,
ਲਗਦਾ ਹੈ ਝਰਨਿਆਂ ਨੇ,
ਜਿਉਂ ਖ਼ੁਦਕੁਸ਼ੀ ਹੈ ਕਰਨੀ,

ਡਰ ਝਰਨਿਆਂ ਨੂੰ ਹੈ ਹੁਣ,
ਸੰਗੀਤ ਡੁਬ ਮਰੇਗਾ,
ਪਰ ਕਿੱਥੇ ਡੁਬ ਮਰੇ ਹੁਣ,
ਮੇਰਾ ਉਦਾਸ ਨਗ਼ਮਾ !

□



## ਚਿੱਠੀ

ਸਮੁੰਦਰ ਪਾਰ ਦੀ ਚਿੱਠੀ ਇਹ ਸੋਹਣੇ ਯਾਰ ਦੀ ਚਿੱਠੀ।
ਜਦੋਂ ਵੀ ਆਈ ਹੈ, ਆਈ ਹੈ, ਭੁੱਬਾਂ ਮਾਰਦੀ ਚਿੱਠੀ।

ਹੈ ਕਾਗ਼ਜ਼ ਪਾਣੀਓਂ ਪਤਲਾ ਤੇ ਨੰਗੇ ਸ਼ਬਦ ਨੇ ਇਸ ਦੇ,
ਨਾ ਲਿਖਿਆ ਕਰ ਮੇਰੇ ਯਾਰਾ ਤੂੰ ਇਸ ਪਰਕਾਰ ਦੀ ਚਿੱਠੀ।

ਨਿਰੀ ਆਤਿਸ਼ ਹੈ ਸ਼ਬਦਾਂ ਵਿਚ ਕਿ ਅੱਖੀਂ ਪੈ ਗਏ ਛਾਲੇ,
ਨਾ ਆਵੇ ਦੁਸ਼ਮਣਾਂ ਨੂੰ ਵੀ ਇਹ ਲਹਿਣੇਦਾਰ ਦੀ ਚਿੱਠੀ।

ਦਵਾ ਦੀ ਲੋੜ ਓਦੋਂ ਤਕ ਮਸੀਹਾ ਮੁਕ ਹੀ ਜਾਣੀ ਹੈ,
ਤੇਰੇ ਜਦ ਕੋਲ ਪਹੁੰਚੇਗੀ ਤੇਰੇ ਬੀਮਾਰ ਦੀ ਚਿੱਠੀ।

ਅਸਾਡੀ ਪ੍ਰੀਤ ਦੇ ਵਿਹੜੇ ਨਾ ਗੱਡੋ "ਸੇਹ ਦਾ ਤਕਲਾ",
ਕਿਸੇ ਅਖ਼ਬਾਰ ਨੂੰ ਆਈ ਕਿਸੇ ਫ਼ਨਕਾਰ ਦੀ ਚਿੱਠੀ।

ਚੁਫੇਰੇ ਗੰਧ ਨਫ਼ਰਤ ਦੀ ਹੈ ਮੌਸਮ ਤਲਖ਼ੀਆਂ ਭਰਿਆ,
ਲਿਖੋ ਰੁਸੀਆਂ ਬਹਾਰਾਂ ਨੂੰ ਵਫ਼ਾ ਤੇ ਪਿਆਰ ਦੀ ਚਿੱਠੀ।

ਕਦੀ ਲਿਖਦਾ ਸੀ 'ਪਰਦੇਸੀ' ਖ਼ਤਾਂ ਵਿਚ ਦਰਦ ਉਲਫ਼ਤ ਦਾ,
ਤੇ ਹੁਣ ਲਿਖਦੈ ਜਦੋਂ, ਲਿਖਦਾ ਹੈ, ਕਾਰੋਬਾਰ ਦੀ ਚਿੱਠੀ।

□

## ਜ਼ਰਾ ਸੋਚੋ

ਪੁਰਾਣੀ ਸਾਂਝ ਦੇ ਰਿਸ਼ਤੇ ਮਿਟਾਏ ਜਾ ਨਹੀਂ ਸਕਣੇ ।
ਅਸਾਡੀ ਪ੍ਰੀਤ ਦੇ ਦੀਵੇ ਬੁਝਾਏ ਜਾ ਨਹੀਂ ਸਕਣੇ ।

ਇਹ ਕੋਸ਼ਿਸ਼ ਦੁਸ਼ਮਣਾਂ ਦੀ ਹੈ ਅਸੀਂ ਲੜ ਲੜ ਕੇ ਮਰ ਜਾਈਏ ।
ਤੇ ਰੰਗ ਇਸ ਖ਼ੂਨ ਸਾਂਝੇ ਦਾ ਅਸੀਂ ਬਦਰੰਗ ਕਰ ਜਾਈਏ ।
ਨਹੀਂ ਹਰਗਿਜ਼ ਨਹੀਂ ਹੋਣਾ ਜੁਦਾ ਨਹੁੰ ਮਾਸ ਦੇ ਨਾਲੋਂ,
ਦੋ ਹਿੱਸੇ ਹੁਣ ਸਰੀਰ ਇਕ ਦੇ ਬਣਾਏ ਜਾ ਨਹੀਂ ਸਕਣੇ ।
ਅਸਾਡੀ ਪ੍ਰੀਤ ਦੇ ਦੀਵੇ ਬੁਝਾਏ ਜਾ ਨਹੀਂ ਸਕਣੇ ।

ਅਸੀਂ ਹਾਂ ਪ੍ਰੀਤ ਦੇ ਪਾਂਧੀ ਅਸੀਂ ਮਹਿਕਾਂ ਦੇ ਜਾਏ ਹਾਂ ।
ਅਸੀਂ ਘਰ ਘਰ ਮੁਹੱਬਤ ਦੀ ਸੁਗੰਧੀ ਦੇਣ ਆਏ ਹਾਂ ।
ਹੰਢਾਈ ਮਹਿਕ ਹੈ ਰਲ ਮਿਲ ਅਸੀਂ ਜਿਸ ਬਾਗ਼ ਦੇ ਅੰਦਰ,
ਕਿ ਖ਼ਾਰ ਉਸ ਬਾਗ਼ ਵਿਚ ਹਰਗਿਜ਼ ਉਗਾਏ ਜਾ ਨਹੀਂ ਸਕਣੇ ।
ਪੁਰਾਣੀ ਸਾਂਝ ਦੇ ਰਿਸ਼ਤੇ ਮਿਟਾਏ ਜਾ ਨਹੀਂ ਸਕਣੇ ।

ਤਿਆਗੋ ਤੰਗ ਦਿਲੀ ਨੂੰ ਤੇ ਕਰੋ ਇਨਸਾਨੀਅਤ ਪੈਦਾ ।
ਪਛਾਣੋ ਉਸ ਹਵਾ ਨੂੰ ਜਿਸ ਕਰੀ ਹੈਵਾਨੀਅਤ ਪੈਦਾ ।
ਫੜੋ ਘੁਟ ਕੇ, ਫੜੋ ਘੁਟ ਕੇ, ਮੁਹੱਬਤ ਦੇ ਪਲਾਂ ਨੂੰ ਹੁਣ,
ਉਪਲ ਕੇ ਤੁਰ ਗਏ ਜੇਕਰ ਮੁੜਾਏ ਜਾ ਨਹੀਂ ਸਕਣੇ ।
ਜਦੋਂ ਇਹ ਰੁਸ ਗਏ ਹਾਸੇ ਮਨਾਏ ਜਾ ਨਹੀਂ ਸਕਣੇ ।

ਜ਼ਰਾ ਸੋਚੋ, ਕਿ ਪੰਜਾ ਸਾਹਬ ਤੇ ਕਿੱਥੇ ਹੈ ਨਨਕਾਣਾ ।
ਉਹ ਵੇਲਾ ਹਥ ਨਹੀਂ ਆਇਆ ਇਹ ਵੇਲਾ ਹਥ ਨਹੀਂ ਆਣਾ ।
ਅਸੀਂ ਗ਼ਲਤੀ ਪੁਰਾਣੀ ਫਿਰ, ਨਾ ਦੁਹਰਾਈਏ, ਨਾ ਦੁਹਰਾਈਏ,
ਜੇ ਕੇਰਾਂ ਬਣ ਗਏ ਬੰਨੇ ਮਿਟਾਏ ਜਾ ਨਹੀਂ ਸਕਣੇ ।
ਤੇ ਫਿਰ ਦੀਵੇ ਮੁਹੱਬਤ ਦੇ ਜਗਾਏ ਜਾ ਨਹੀਂ ਸਕਣੇ ।

□



## ਦਿੱਲੀ ਦਾ ਮਰਸੀਆ

ਹੋਈਓਂ ਰੱਤੋ ਰੱਤ,
ਨੀ ਦਿੱਲੀਏ !
ਹੋਈਓਂ ਰੱਤੋ ਰੱਤ !!

ਤੂੰ ਤਖ਼ਤਾਂ ਤੂੰ ਤਾਜਾਂ ਵਾਲੀ,
ਹੋਈਓਂ ਅੰਨ੍ਹੀਂ ਬੋਲੀ ।
ਉਫ਼ ! ਮਾਵਾਂ ਦੇ ਤਰਲੇ,
ਉਫ਼ ! ਬੱਚਿਆਂ ਦੀ ਰੱਤ ਦੀ ਹੋਲੀ ।
ਜਮਨਾ ਦੇ ਵਿਚ ਗੋਤੇ ਖਾ ਗਈ,
ਸਾਂਝਾਂ ਦੀ ਅਪਣੱਤ ।
ਨੀ ਦਿੱਲੀਏ,
ਹੋਈਓਂ ਰੱਤੋ ਰੱਤ !

ਤੇਰੇ ਮੱਥੇ ਬੈਠ ਮਨੁੱਖਤਾ,
ਦਿਨ ਦੀਵੀਂ ਗਈ ਸਾੜੀ ।
ਤੂੰ ਅੱਗ ਵੰਡੀ, ਹੱਥੀਂ,
ਜ਼ਾਲਿਮ ਸਾੜ ਗਏ ਫੁਲਵਾੜੀ ।
"ਬਾਬੇ ਨਾਨਕ" ਦੇ "ਮੱਤ" ਦੀ,
ਅਜ ਤੂੰ ਕੀਤੀ ਦੁਰਗੱਤ !
ਨੀ ਦਿੱਲੀਏ,
ਹੋਈਓਂ ਰੱਤੋ ਰੱਤ !

ਤੇਰੇ ਅੰਬਰ ਉੱਤੇ ਤੱਕੀਆਂ,
ਬਾਰੂਦੀ ਪਰਵਾਜ਼ਾਂ ।
ਅਮਨ ਦੇ ਹੋਕੇ ਵਿੱਚੋਂ ਸੁਣੀਆਂ,
ਹਿੰਸਾ ਦੀਆਂ ਆਵਾਜ਼ਾਂ ।
ਤਿਪ ਤਿਪ ਕਰਕੇ ਰੱਤ ਦੇ ਹੰਝੂ,
ਕੇਰ ਰਿਹੈ ਸਰਬੱਤ
ਨੀ ਦਿੱਲੀਏ,
ਹੋਈਓਂ ਰੱਤੋ ਰੱਤ !

ਸਾਡੇ ਭਾਅ ਦੀ ਅਜ ਤੋਂ ਦਿੱਲੀਏ,
ਤੂੰ ਜਿਉਂਦੀ ਹੀ ਮੋਈ ।
ਭੱਠ ਪਵੇ ਨੀ ਭੱਠ ਅਜੇਹੇ,
ਚੰਦਨ ਦੀ ਖ਼ੁਸ਼ਬੋਈ ।
ਤੇਰੀ ਬੁੱਕਲ ਦੇ ਵਿਚ ਲੁੱਟੀ,
ਅਬਲਾਵਾਂ ਦੀ ਪੱਤ ।
ਨੀ ਦਿੱਲੀਏ,
ਹੋਈਓਂ ਰੱਤੋ ਰੱਤ !

□



# ਦਿਨ ਢਲੇ

ਫਿਰ ਕੋਈ ਇਲਜ਼ਾਮ ਲਾਵੇਂ ਦਿਨ ਢਲੇ !
ਦਾਰ ਤੇ ਸੂਰਜ ਚੜ੍ਹਾਵੇਂ ਦਿਨ ਢਲੇ ।

ਯਾਦ ਆ ਜਾਂਦੈ ਬੁਲਾਉਣਾ ਓਸ ਦਾ,
ਨਾ ਕੋਈ ਮੈਨੂੰ ਬੁਲਾਵੇ ਦਿਨ ਢਲੇ ।

ਰਾਤ ਭਰ ਦੀਵੇ ਦੇ ਵਾਂਗੂ ਬਲਣ ਦੀ,
ਫਿਰ ਕਸਮ ਝੂਠੀ ਹੀ ਖਾਵੇਂ ਦਿਨ ਢਲੇ ।

ਹਾਸਿਆਂ ਦੀ ਮੌਤ ਦਾ ਗ਼ਮ ਸਭ ਨੂੰ ਹੈ,
ਨਾ ਤੁਸੀਂ ਮਾਤਮ ਮਨਾਵੋ ਦਿਨ ਢਲੇ ।

ਆ ਰਿਹਾ ਹੈ ਨ੍ਹੇਰ ਦਿਲ ਰੌਸ਼ਨ ਕਰੋ,
ਧੁੱਪ ਦੇ ਨਾ ਗੀਤ ਗਾਵੋਂ ਦਿਨ ਢਲੇ ।

ਜ਼ਿੰਦਗੀ ਦਾ ਜ਼ਹਿਰ ਪੀਤਾ ਹੈ ਦਿਨੇ,
ਮੌਤ ਦਾ ਅੰਮ੍ਰਿਤ ਪਿਲਾਵੋ ਦਿਨ ਢਲੇ ।

ਰਾਤ ਭਰ ਸੁਪਨੇ ਹੰਢਾਉਣੇ ਪੈਣਗੇ,
ਨਾ ਤੁਸੀਂ ਸੁਪਨੇ ਸਜਾਵੋਂ ਦਿਨ ਢਲੇ ।

ਜਿਸ ਤਰ੍ਹਾਂ ਆਉਂਦੇ ਨੇ ਪੰਛੀ ਆਲ੍ਹਣੀਂ,
ਦਿਲ 'ਚ 'ਪਰਦੇਸੀ' ਦੇ ਆਵੇਂ ਦਿਨ ਢਲੇ ।

□

## ਮੋਈ ਮਹਿਕ ਦਾ ਗੀਤ

ਲੁਟ ਕੇ ਲੈ ਗਏ ਜ਼ਾਲਿਮ ਸਾਡਾ,
ਗੁਲਸ਼ਨ ਮਸਤ ਬਹਾਰਾਂ ਵਿਚ ।
ਦਬ ਕੇ ਰਹਿ ਗਈ ਹੂਕ ਅਸਾਡੀ,
ਚਾਂਦੀ ਦੀਆਂ ਛਣਕਾਰਾਂ ਵਿਚ ।

ਪੱਤਾ ਪੱਤਾ ਹਉਕੇ ਭਰਦਾ,
ਟਾਹਣੀ ਟਾਹਣੀ ਰੋਈ ਨੀ ।
ਸਾਡੇ ਦਿਲ ਦੇ ਬਾਗੀਂ ਅੜੀਓ,
ਮਹਿਕ ਅਸਾਡੀ ਮੋਈ ਨੀ ।

ਰੁੱਤਾਂ ਦੇ ਪੁੱਤ ਮਰ ਗਏ ਸਈਓ,
ਮਹਿਕਦੀਆਂ ਗੁਲਜ਼ਾਰਾਂ ਵਿਚ ।
ਦਬ ਕੇ ਰਹਿ ਗਈ ਹੂਕ ਅਸਾਡੀ,
ਚਾਂਦੀ ਦੀਆਂ ਛਣਕਾਰਾਂ ਵਿਚ ।

ਸਾਡੀ ਬਸਤੀ ਦੇ ਵਿਚ ਕੇਹਾ,
ਜ਼ਾਲਿਮ ਸਾਵਣ ਆਇਆ ਨੀ ।
ਗਾਉਂਦਾ, ਗਾਉਂਦਾ, ਮਰਿਆ ਜਿਸ ਵਿਚ,
ਇਕ ਪੰਛੀ ਤ੍ਰਿਹਾਇਆ ਨੀ ।

ਖੰਭ ਮੈਂ ਜਿਸ ਦੇ ਲਭਦੀ ਫਿਰਦੀ,
ਲੁਟ ਹੋਈਆਂ ਗੁਲਜ਼ਾਰਾਂ ਵਿਚ ।
ਲੁਟ ਕੇ ਲੈ ਗਏ ਜ਼ਾਲਿਮ ਸਾਡਾ,
ਗੁਲਸ਼ਨ ਮਸਤ ਬਹਾਰਾਂ ਵਿਚ ।

ਨਾਲ ਕਿਸੇ ਪਰਬਤ ਦੇ ਭੈੜੀ,
ਇਹ ਜਾਪੇ ਟਕਰਾਈ ਨੀ ।
ਮੇਰੇ ਵਾਂਗੂ ਪੌਣ ਨਿਮਾਣੀ,
ਜ਼ਖਮੀਂ ਹੋ ਕੇ ਆਈ ਨੀ ।



ਹੁਣ ਸਾਡੇ ਦਿਲ ਦਾ ਵਾਸਾ ਹੈ,
ਤੀਰਾਂ ਤੇ ਤਲਵਾਰਾਂ ਵਿਚ ।
ਦਬ ਕੇ ਰਹਿ ਗਈ ਹੂਕ ਅਸਾਡੀ,
ਚਾਂਦੀ ਦੀਆਂ ਛਣਕਾਰਾਂ ਵਿਚ ।

ਸਾਨੂੰ ਲੁਟ ਕੇ ਸਾਡੇ ਸਾਹਵੇਂ,
ਮੌਜਾਂ ਕਰਨ ਲੁਟੇਰੇ ਨੀ ।
ਕਦ ਸਾਡੇ ਚਾਨਣ ਦੀ ਟੌਕੀ,
ਘੇਰੂ ਆਣ ਹਨ੍ਹੇਰੇ ਨੀ ।

"ਪਰਦੇਸੀ" ਬੈਠੇਂਗਾ ਕਦ ਤਕ,
ਲਾ ਕੇ ਦਿਲ ਨੂੰ ਖ਼ਾਰਾਂ ਵਿਚ ।
ਲੁਟ ਕੇ ਲੈ ਗਏ ਜ਼ਾਲਿਮ ਸਾਡਾ,
ਗੁਲਸ਼ਨ ਮਸਤ ਬਹਾਰਾਂ ਵਿਚ ।

□

## ਟੁੱਟੇ ਤਾਰਿਆਂ ਵਾਂਗੂੰ

ਜੋ ਬਣ ਕੇ ਚੰਦ ਚਮਕੇ ਸੀ ਉਹ ਟੁੱਟੇ ਤਾਰਿਆਂ ਵਾਂਗੂੰ ।
ਖ਼ਲਾ ਅੰਦਰ ਜਦੋਂ ਖਿਲਰੇ ਵਰੇ ਅੰਗਿਆਰਿਆਂ ਵਾਂਗੂੰ ।

ਅਸੀਂ ਖ਼ੰਜਰ ਉਠਾਇਆ ਨਾ, ਨਾ ਕੋਈ ਖ਼ੂਨ ਹੀ ਕੀਤਾ,
"ਸਜਾਏ ਮੌਤ" ਦੇ ਦਿੱਤੀ ਤੁਸੀਂ ਹਤਿਆਰਿਆਂ ਵਾਂਗੂੰ ।

ਅਸਾਡਾ ਹੋ ਗਿਆ ਜੀਵਨ ਇਹ ਟੁੱਟੀ ਵੰਗ ਦੇ ਵਰਗਾ,
ਅਸੀਂ ਵੰਗਾਂ ਦੇ ਮਾਲਿਕ ਸਾਂ ਕਦੀ ਵਣਜਾਰਿਆਂ ਵਾਂਗੂੰ ।

ਕਿਵੇਂ ਧਰਵਾਸ ਧਰ ਲਈਏ ਕਿਵੇਂ ਇਤਬਾਰ ਕਰ ਲਈਏ,
ਕਿ ਇਹ ਇਕਰਾਰ ਵੀ ਤੇਰਾ ਹੈ ਪਹਿਲੇ ਲਾਰਿਆਂ ਵਾਂਗੂੰ ।

ਕਿਸੇ ਨੇ ਹਾਰ ਖਾ ਕੇ ਵੀ ਅਜੇ ਹਿੰਮਤ ਨਹੀਂ ਹਾਰੀ,
ਕੋਈ ਜਿਤ ਕੇ ਵੀ ਫਿਰਦਾ ਹੈ ਬੜਾ ਹੀ ਹਾਰਿਆਂ ਵਾਂਗੂੰ ।

ਅਸੀਂ ਹੱਥਾਂ ਦਾ ਜਾਦੂ ਹੁਣ ਵਿਖਾਵਾਂਗੇ, ਵਿਖਾਵਾਂਗੇ,
ਇਹ ਅਪਣੇ ਮਹਿਲ ਵੇਖੇਂਗਾ ਤੂੰ ਡਿਗਦੇ ਢਾਰਿਆਂ ਵਾਂਗੂੰ ।

ਕਦੀ ਤੂੰ ਬੋਲ "ਪਰਦੇਸੀ" ਦੇ ਜ਼ਾਲਿਮ ਫੜ ਨਹੀਂ ਸਕਦਾ,
ਉਦੇ ਤਾਂ ਬੋਲ ਚਲਦੇ ਨੇ ਸਿਤਮ ਤੇ ਆਰਿਆਂ ਵਾਂਗੂੰ ।

□



## ਸਰਾਪੀ ਜ਼ਿੰਦਗੀ

ਜਦੋਂ ਦਿਨ ਰਾਤ ਸੜਕਾਂ ਤੇ
ਤੁਸੀਂ ਸਿਰ ਭਾਰ ਚੱਲੋਗੇ।
ਸਰਾਪੇ ਸੁਪਨਿਆਂ ਦੇ ਸੀਨਿਆਂ ਤੇ,
ਜ਼ਖ਼ਮ ਵੇਖੋਗੇ ।
ਤੇ ਵੇਖੋਗੇ,
ਸਮੇਂ ਸਿਰ ਮਿਹਨਤਾਨਾ ਨਾ ਮਿਲਣ ਕਾਰਨ
ਕਿ "ਮਧ ਪਰਦੇਸ਼" ਤੋਂ ਆਈ,
ਕੁੜੀ ਦਾ ਰੁਕ ਗਿਆ ਗਉਣਾ ।
ਜਾਂ ਗਉਣੇ ਤੋਂ ਕਿਤੇ ਪਹਿਲਾਂ,
ਹੀ ਬਣ ਜਾਣਾ ਭਰੀ ਔਰਤ ।

ਜਦੋਂ ਦਿਨ ਰਾਤ ਸੜਕਾਂ ਤੇ,
ਤੁਸੀਂ ਸਿਰ ਭਾਰ ਚੱਲੋਗੇ,
ਅਨੇਕਾਂ ਨਕਸ਼ ਵੇਖੋਗੇ,
ਤੁਸੀਂ ਪੱਥਰ ਤੇ ਬਜਰੀ ਚੋਂ
ਜਿਨ੍ਹਾਂ ਨੂੰ ਗਰਮ ਲੁਕ ਹੇਠਾਂ,
ਦਬਾਇਆ ਫੇਰ ਕੇ ਰੋਲਰ।
ਦਿਸਣਗੇ ਲੁਕ ਦੇ ਧੂੰਏਂ ਚੋਂ,
ਜਦੋਂ ਪਿੰਜਰ ਮਨੁੱਖਾਂ ਦੇ ।
ਤਾਂ ਕਾਲੀ ਸੜਕ ਵੀ ਥੋਨੂੰ,
ਨਜ਼ਰ ਫਿਰ ਲਾਲ ਆਵੇਗੀ ।

ਜਦੋਂ ਰਾਤਾਂ ਨੂੰ ਸੜਕਾਂ ਤੇ,
ਤੁਸੀਂ ਸਿਰ ਭਾਰ ਚੱਲੋਗੇ
ਤਾਂ ਦੁਧੀਆ ਰਾਤ ਵਿਚ
ਦੁੱਧਾਂ ਦੇ ਫਿਰ ਕਾਤਿਲ ਪਛਾਣੋਗੇ
ਤੇ ਸੋਚੋਗੇ
ਕਿ ਚਿੱਟੇ ਦਿਨ ਅਤੇ,

ਰਾਤਾਂ 'ਚ ਕੀ ਅੰਤਰ
ਦਿਨੇ ਜੋ ਰੈਸਤੋਰਾਂ ਵਿਚ
ਉਹ ਰਾਤੀਂ ਸੜਕ ਕੰਢੇ ਹੈ

ਜਦੋਂ ਦਿਨ ਰਾਤ ਸੜਕਾਂ ਤੇ,
ਤੁਸੀਂ ਸਿਰ ਭਾਰ ਚੱਲੋਗੇ ।
ਤਾਂ ਵੇਖੋਗੇ
ਟਰੱਕਾਂ ਲਾਰੀਆਂ ਦੀ ਰਾਤ ਨੂੰ
ਸੂਕਰ ਦਬਾਉਂਦੀ ਹੈ
ਕਿਨਾਰੇ ਸੜਕ ਦੇ ਝੁੱਗੀਆਂ,
ਦੀ ਮੱਧਮ ਰੌਸ਼ਨੀ ਵਿਚੋਂ
ਸਰਾਪੀ ਜ਼ਿੰਦਗੀ ਦੇ ਹਾਣ ਦਾ,
ਉੱਗਦਾ ਨਗ਼ਮਾਂ ।

□



## ਚੰਗਾ ਸੀ

ਮੁਹੱਬਤ ਚੰਦ ਨੂੰ ਅਪਣੀ ਜਤਾ ਲੈਂਦੇ ਤਾਂ ਚੰਗਾ ਸੀ ।
ਅਸੀਂ ਵੀ ਚਾਨਣੀ ਦੋ ਦਿਨ ਹੰਢਾ ਲੈਂਦੇ ਤਾਂ ਚੰਗਾ ਸੀ ।

ਜਲੰਧਰ ਸ਼ਹਿਰ ਵਿਚ ਅਪਣੀ ਹੈ ਕਿਹੜਾ ਦਿਲਬਰੀ ਕਰਦਾ,
ਕਿਸੇ ਜੰਗਲ 'ਚ ਹੀ ਕੁਟੀਆ ਬਣਾ ਲੈਂਦੇ ਤਾਂ ਚੰਗਾ ਸੀ ।

ਅਸੀਂ ਢੋਂਦੇ ਰਹੇ ਨਫ਼ਰਤ ਦਾ ਨ੍ਹੇਰਾ ਪਿਆਰ ਦੀ ਰੁੱਤੇ,
ਕਿਤੇ ਦੀਪਕ ਮੁਹੱਬਤ ਦਾ ਜਗਾ ਲੈਂਦੇ ਤਾਂ ਚੰਗਾ ਸੀ ।

ਜੇ ਇਉਂ ਬਦਨਾਮ ਹੋਣਾ ਸੀ ਮੁਫ਼ਤ ਵਿਚ ਹੀ ਅਸੀਂ ਸਜਣਾ,
ਕਬੂਤਰ ਸ਼ੌਕ ਅਪਣੇ ਦੇ ਉਡਾ ਲੈਂਦੇ ਤਾਂ ਚੰਗਾ ਸੀ ।

ਅਸੀਂ ਸ਼ਾਇਰ ਵੀ ਨਾ ਬਣਦੇ ਤੇ ਨਾ ਹੁੰਦੇ ਖ਼ੁਆਰ ਏਨਾ,
ਤੇਰੇ ਵਾਂਗੂ ਜੇ ਦਿਲ ਪੱਥਰ ਬਣਾ ਲੈਂਦੇ ਤਾਂ ਚੰਗਾ ਸੀ ।

ਡਰਾਮੇ ਬਾਜ਼ੀਆਂ ਦੇ ਯੁਗ 'ਚ ਇਉਂ ਭੁੱਖੇ ਤੇ ਨਾ ਮਰਦੇ,
ਪਖੰਡ ਆਪਾਂ ਵੀ ਜੇ ਕੋਈ ਰਚਾ ਲੈਂਦੇ ਤਾਂ ਚੰਗਾ ਸੀ ।

ਲਵਾ ਕੇ ਦਾਗ਼ ਦਾਮਨ ਤੇ ਹੋਏ ਹਾਂ ਨਸ਼ਰ "ਪਰਦੇਸੀ",
ਜੇ ਦਾਮਨ ਹੀ ਜ਼ਮਾਨੇ ਤੋਂ ਬਚਾ ਲੈਂਦੇ ਤਾਂ ਚੰਗਾ ਸੀ ।

□

## ?....

ਵੇਖਦੀਆਂ ਹਨ ਤੇਰੀਆਂ ਅੱਖਾਂ।
ਵੇਖਦੀਆਂ ਹਨ ਮੇਰੀਆਂ ਅੱਖਾਂ॥

ਫੁਟਪਾਥਾਂ ਤੇ ਚਾਦਰ ਤਾਣੀ,
ਬਿਜਲੀ ਦੇ ਚਾਨਣ ਦੇ ਥੱਲੇ।
ਸੁੱਤੇ ਕਿਸ ਧਰਤੀ ਦੇ ਆਦਮ,
ਜਿਨ੍ਹਾਂ ਦੇ ਸਿਰ ਕੁਤਿਆਂ ਮੱਲੇ।
ਔਹ,
ਬੱਚੀ ਨੂੰ ਉਹ ਡਰ ਦਿੰਦੀ ਹੈ,
ਬਿੱਲੀ ਦਾ, ਕੁੱਤਿਆ ਦੇ ਹੁੰਦੇ।
"ਮੋਮੀਂ ਫਲ" ਉਸ ਦੇ ਮੂੰਹ ਪਾ ਕੇ,
ਸੌਂ ਜਾਣ ਲਈ ਅੱਖਾਂ ਮੁੰਦੇ।

ਫਲ ਦੇ ਵਿਚ ਤਾਂ ਰਸ ਨਹੀਂ ਹੈ,
ਸਬਜ਼ ਕੋਈ ਵੀ ਨਸ ਨਹੀਂ ਹੈ।

ਚਪਕ-ਚਪਕ ਜਾਂ ਝੱਟ ਕੁ ਕਰਿਆ,
ਸੁੱਕੇ ਫਲ ਚੋਂ ਕੁਝ ਨਾ ਝੜਿਆ।

ਚੀਖ ਕੇ ਉਸ ਭੋਲੀ ਸੂਰਤ ਨੇ,
ਫੋਕੇ ਫਲ ਤੇ ਦੰਦੀ ਵੱਢੀ।
ਵਖਤਾਂ ਮਾਰੀ ਮਾਂ ਨੇ ਖਿਝ ਕੇ,
ਗੰਦੀ ਜੇਹੀ ਗਾਲ੍ਹ ਹੈ ਕੱਢੀ।

ਜਾਂ ਤੇ ਹੈ ਇਹ ਤੈਨੂੰ ਕੱਢੀ,
ਜਾਂ ਫਿਰ ਹੈ ਇਹ ਮੈਨੂੰ ਕੱਢੀ।
ਜਾਂ ਉਸ ਅਪਣੀ ਜਾਤ ਨੂੰ ਕੱਢੀ,
ਜਾਂ ਇਸ ਭੈੜੀ ਰਾਤ ਨੂੰ ਕੱਢੀ।

ਨਹੀਂ ਕਿਸੇ ਹਮਰਾਜ਼ ਨੂੰ ਕੱਢੀ,
ਇਹ ਤਾਂ ਏਸ ਸਮਾਜ ਨੂੰ ਕੱਢੀ।



ਜਿਸ ਵਿਚ ਤੂੰ ਵੀ,
ਜਿਸ ਵਿਚ ਮੈਂ ਵੀ।

ਵੇਖਦੀਆਂ ਹਨ ਤੇਰੀਆਂ ਅੱਖਾਂ।
ਵੇਖਦੀਆਂ ਹਨ ਮੇਰੀਆਂ ਅੱਖਾਂ।

ਨਾਜ਼ੁਕ ਜੇਹੀ ਭੋਲੀ ਭਾਲੀ,
ਤੇਰ੍ਹਾਂ ਵਰ੍ਹਿਆਂ ਦੀ ਇਹ ਛੋਰੀ।
ਪੈਸਾ-ਪੈਸਾ ਮੰਗਦੀ ਫਿਰਦੀ,
ਅੰਨ੍ਹੇ ਪਿਉ ਦੀ ਫੜ੍ਹ ਡੰਗੋਰੀ।

ਮੇਰੇ ਪਿੰਡ ਦੀ ਏਸ ਕੁੜੀ ਜਾਂ,
ਜੋਬਨ ਰੁੱਤ ਦਾ ਪਿਆਲਾ ਭਰਿਆ।
ਪੈਰ ਗਿਆ ਇਸ ਬਦਕਿਸਮਤ ਦਾ,
ਅੰਗਿਆਰਾਂ ਦੇ ਉੱਤੇ ਧਰਿਆ।

ਮਾਰ ਗਈ ਉਸ ਨੂੰ ਨਾਦਾਨੀ,
ਲੁੱਟੀ ਗਈ ਮਜਬੂਰ ਜਵਾਨੀ।
ਪਰ,
ਕਿਹੜਾ ਜ਼ਰਦਾਰਾਂ ਦੀ ਧੀ ਹੈ।
ਇਸ ਦੀ ਇੱਜ਼ਤ ਦਾ ਤਾਂ ਕੀ ਹੈ!

ਪੈਰੋਂ ਨੰਗੀ ਸਰਦੀ ਰੁੱਤੇ,
ਮੋਢੇ ਕੋਲੋਂ ਕੁੜਤੀ ਪਾਟੀ।
ਖੱਬੇ ਹੱਥ ਬਾਪੂ ਦੀ ਸੋਟੀ,
ਸੱਜੇ ਹੱਥ ਸਿਲਵਰ ਦੀ ਬਾਟੀ।

ਬੀਬੀ ਕਹਿ ਨੀਵੀਂ ਪਾ ਲੈਂਦੀ,
ਮੁੱਠ ਆਟਾ ਲੈ ਕੇ ਤੁਰ ਪੈਂਦੀ।
ਹਰ ਵੇਲੇ ਭੁੱਖੀ ਅੱਖ ਕੋਈ,
ਉਸ ਦਾ ਪਿੱਛਾ ਕਰਦੀ ਰਹਿੰਦੀ।
ਉਫ਼!
ਦਿਨ ਨੂੰ ਨਿਕਲੇ ਤਾਰੇ ਜਾਪਣ।
ਪੈਰ ਉਧੇ ਜਦ ਭਾਰੇ ਜਾਪਣ।
ਉਸ ਦੇ ਦਿਲ ਤੇ ਕੀ ਗੁਜ਼ਰੇਗੀ,
ਜਿਸ ਨੇ ਇਹ ਮੁਟਿਆਰ ਜਣੀ ਹੈ।
ਜਦ ਦੁਖਿਆਰਾ ਏਹ ਸੁਣੇਗਾ,
ਕੰਜਕ ਉਸ ਦੀ ਮਾਤ ਬਣੀ ਹੈ।

ਜੇ ਨਾ ਮਰਿਆ ਹਉਕਾ ਲੈ ਕੇ,
ਫਾਹਾ ਲੈ ਕੇ ਮਰ ਜਾਵੇਗਾ ।
ਫਿਰ ਇਹਦੇ ਤੇ ਕੀ ਬੀਤੇਗੀ,
ਉਸ ਦਾ ਤਾਂ ਚਲ ਸਰ ਜਾਏਗਾ ।
ਫਿਰ ?
ਸੁੱਟ ਕੇ ਮਿਲਵਰ ਦੀ ਬਾਟੀ ਨੂੰ,
ਕੋਠੇ ਦੇ ਵਿਚ ਬਹਿ ਜਾਵੇਗੀ ।
ਫੇਰ ਅਭਾਗਣ ਜੀਵਨ ਭਰ ਹੀ,
ਕੋਠੇ ਜੋਗੀ ਰਾਹ ਜਾਵੇਗੀ ।
ਫਿਰ,
ਤੂੰ ਵੀ ਇਸ ਨੂੰ ਵਿਹੁ ਆਖੇਂਗਾ ।
ਮੈਂ ਵੀ ਇਸ ਨੂੰ ਵਿਹੁ ਆਖਾਂਗਾ ।

ਵੇਖਦੀਆਂ ਜੋ ਤੇਰੀਆਂ ਅੱਖਾਂ ।
ਵੇਖਦੀਆਂ ਜੋ ਮੇਰੀਆਂ ਅੱਖਾਂ ।

ਵੇਖਦੀਆਂ ਹਨ ਤੇਰੀਆਂ ਅੱਖਾਂ ।
ਵੇਖਦੀਆਂ ਹਨ ਮੇਰੀਆਂ ਅੱਖਾਂ ।

ਮਿਲ ਦੀ ਦਿਉ ਕਦ ਚਿੱਟੀ ਚਿਮਨੀ,
ਉਗਲ ਰਹੀ ਜੋ ਕਾਲਾ ਧੂੰਆਂ ।
ਇਸ ਧੂੰਏਂ ਸੰਗ ਵਧ ਰਹੀਆਂ ਨੇ,
ਮਾਸ ਚਰਨੀਆਂ ਇਹ ਚਮ-ਜੂੰਆਂ ।
ਕਾਲੇ ਕੱਪੜਿਆਂ ਵਿਚ ਚਿੱਟੀਆਂ,
ਜੂੰਆਂ ਦਾ ਦਲ ਸਰਕ ਰਿਹਾ ਹੈ ।
ਕਿਸਮਤ ਵਾਂਗੂ ਲੀਰਾਂ ਹੋਈ,
ਝੱਗੀ ਹਰ ਕੋਈ ਖ਼ੁਰਕ ਰਿਹਾ ਹੈ ।

ਰਾਤ ਦੀ ਰੋਟੀ ਨੂੰ ਜੋ ਲੋਚਣ ।
ਇਸ ਦਾ ਦਾਰੂ ਉਹ ਕੀ ਸੋਚਣ ।

ਜਦ ਮਿਲ ਜਾਵੇ ਅੰਤ ਖ਼ੁਲਾਸੀ,
ਸਮਝਣ ਮੁੱਕੀ ਜੂਨ ਚੁਰਾਸੀ ।

ਇਸ ਅੰਗੂਰੀ ਵੇਲ ਤੇ ਰਹਿਣੀ,
ਅੰਬਰ ਵੇਲ ਜਦੋਂ ਤਕ ਛਾਈ ।



ਭੈਣ ਰਹੂ ਤਕੜੇ ਦੀ ਵਹੁਟੀ,
ਮਾੜੇ ਦੀ ਸਭ ਦੀ ਭਰਜਾਈ ।
(ਹੁਣ)
ਤੋੜ ਰਹੇ ਵਿਚਕਾਰ ਘਰਾਨੇ,
ਸਾਡੀਆਂ ਝੁੱਗੀਆਂ ਦੇ ਹੀ ਕਾਨੇ ।

ਚਾਰ ਚੁਫੇਰੇ ਬਣ ਗਈ ਭਾਰੀ ।
ਵਿਕਦੇ ਜਾਂਦੇ ਵਾਰੋ ਵਾਰੀ ।
ਵਿਕਣ ਵਾਲਿਓ ਸੁਣੋ ਭਰਾਵੋ ।
ਮਰਨ ਵਿਕਣ ਤੇ ਜ਼ੋਰ ਨਾ ਲਾਵੋ ।
ਮੁਰਦਾ ਘਾਟਾਂ ਤੇ ਜਾ ਜਾ ਕੇ,
ਇਉਂ ਨਾ ਸੀਟਾਂ ਬੁੱਕ ਕਰਾਵੋ ।
ਉਹਨਾਂ ਦਾ ਕੋਈ ਹੋਰ ਖ਼ੁਦਾ ਹੈ ।
ਅਪਣਾ ਕੋਈ ਹੋਰ ਖ਼ੁਦਾ ਹੈ ।

ਜਾਣਦੀਆਂ ਹਨ ਸਭ ਦੀਆਂ ਅੱਖਾਂ ।
ਜਾਣਦੀਆਂ ਹਨ ਜਗ ਦੀਆਂ ਅੱਖਾਂ ।

ਵੇਖਦੀਆਂ ਹਨ ਤੇਰੀਆਂ ਅੱਖਾਂ,
ਵੇਖਦੀਆਂ ਹਨ ਮੇਰੀਆਂ ਅੱਖਾਂ ।

ਅਪਣੀ ਬਸਤੀ ਦੀ ਭੰਗਣ ਨੂੰ,
ਆਵੇ ਨਿਤ ਜੋ ਕਰਨ ਸਫ਼ਾਈ ।
ਝਾੜੂ ਤੇ ਕੂੜੇ ਦਾ ਪੀਪਾ,
ਨੱਕ ਵਲ੍ਹੇਟੀ ਜਾਵੇ ਚਾਈ ।

ਜੀਕਣ ਹੋਵੇ ਜਨਮ-ਜਨਮ ਦੀ,
ਉਸ ਨੂੰ ਕੋਈ ਸਜ਼ਾ ਸੁਣਾਈ ।
(ਪਰ)
ਸੋਚ ਉਧੀ ਕਦ ਏਦੂੰ ਅੱਗੇ ।
ਉਹ ਤਾਂ ਹੈ ਭੰਗਣ ਦੀ ਜਾਈ ।

ਕੋਈ ਉਸ ਦੀ ਛੁਹ ਨਾ ਪਾਂਦਾ,
ਹੱਥ ਲਾਵੇ ਭਾਂਡਾ ਭਿੱਟ ਜਾਂਦਾ ।

ਮੇਰੀ ਪਤਨੀ ਦੀ ਹੈ ਉਸ ਨੇ,
ਲਾਹੀ ਹੋਈ ਸਾੜ੍ਹੀ ਲਾਈ ।
ਮੇਰੇ ਬੱਚੇ ਨੇ ਜੋ ਲਾਹੀ,
ਬਾਲ ਉਹਦੇ ਨੇ ਜੁੱਤੀ ਪਾਈ ।

ਉਸ ਦੇ ਬੱਚੇ ਤੋਂ ਹਰ ਕੋਈ,
ਏਸ ਤਰ੍ਹਾਂ ਹੈ ਘਿਰਣਾ ਕਰਦਾ ।
ਜੀਕਣ ਤਪਦਿਕ ਦੇ ਰੋਗੀ ਦੀ,
ਹਰ ਕੋਈ ਰਹਿੰਦਾ ਛੂਹ ਤੋਂ ਡਰਦਾ ।

ਹਿੱਕ ਉਹ ਉਸ ਦਿਨ ਤਾਣ ਲਵੇਗੀ ।
ਜਦ ਉਹ ਖ਼ੁਦ ਨੂੰ ਜਾਣ ਲਵੇਗੀ ।

ਕਿਸ ਦੇ ਕੂੜੇ ਦੀ ਇਹ ਬੋ ਹੈ ?
ਜਿਹੜੀ ਉਸ ਦੇ ਕੋਲੋਂ ਆਵੇ ।
ਦੰਮਾਂ ਨਾਲ ਖਰੀਦੀ ਭਾਵੇਂ,
ਥੋੜੀ ਬੋ ਉਹ ਕਿਉਂ ਹੰਡਾਵੇ ?

ਭੈੜ ਉਦੇ ਵਿਚ ਹੈ ਬਸ ਏਹੋ,
ਗੰਦ ਤੁਹਾਡਾ ਹੈ ਉਹ ਚੁਕਦੀ ।
ਭੈੜ ਉਦੇ ਵਿਚ ਹੈ ਬਸ ਏਹੋ,
ਗੰਦ ਅਸਾਡਾ ਹੈ ਉਹ ਚੁਕਦੀ ।

ਭੈੜ ਉਦੇ ਵਿਚ ਹੈ ਬਸ ਏਹੋ,
ਕੂੜਾ ਸਭ ਦਾ ਹੈ ਉਹ ਚੁਕਦੀ ।
ਭੈੜ ਉਦੇ ਵਿਚ ਹੈ ਬਸ ਏਹੋ,
ਕੂੜਾ ਜਗ ਦਾ ਹੈ ਉਹ ਚੁਕਦੀ ।

ਵੇਖਦੀਆਂ ਹਨ ਤੇਰੀਆਂ ਅੱਖਾਂ ।
ਵੇਖਦੀਆਂ ਹਨ ਮੇਰੀਆਂ ਅੱਖਾਂ ।

ਵੇਖਦੀਆਂ ਹਨ ਸਭ ਦੀਆਂ ਅੱਖਾਂ,
ਵੇਖਦੀਆਂ ਹਨ ਜਗ ਦੀਆਂ ਅੱਖਾਂ ।

ਵੇਖਦੀਆਂ ਨਹੀਂ ਕਿਸ ਦੀਆਂ ਅੱਖਾਂ ?
ਵੇਖਦੀਆਂ ਨਹੀਂ ਕਿਸ ਦੀਆਂ ਅੱਖਾਂ ?

□



## ਬੇ-ਨਾਮ ਰਿਸ਼ਤਾ

ਰਿਸ਼ਤਿਆਂ ਦੇ ਇਸ ਝੁਰਮਟ ਵਿਚ,
ਅਸੀਂ ਆਪਣੇ ਸੰਬੰਧਾਂ ਨੂੰ
ਕਿਸ ਰਿਸ਼ਤੇ ਦਾ ਨਾਮ ਦਈਏ ?

ਇਸ ਯੁੱਗ ਦੀਆਂ ਨਜ਼ਰਾਂ ਵਿਚ,
ਕੋਈ ਵੀ ਤਾਂ ਰਿਸ਼ਤਾ
ਪਵਿੱਤਰ ਨਹੀਂ ਰਿਹਾ !

ਤੂੰ ਨਹੀਂ ਜਾਣਦੀ,
ਇਸ ਯੁੱਗ ਦੇ ਲੋਕ,
ਰਿਸ਼ਤਿਆਂ ਨੂੰ
ਕਿਸੇ ਦੇ ਸੰਬੰਧਾਂ ਨਾਲ ਨਹੀਂ
ਆਪਣੀਆਂ,
ਵਾਸ਼ਨਾਤਮਿਕ ਨਿਗਾਹਾਂ ਨਾਲ ਤੋਲਦੇ ਹਨ ।

ਤਾਂ ਫੇਰ ਆਪਾਂ
ਆਪਣੇ ਸੰਬੰਧਾਂ ਨੂੰ,
ਮਾਂ—ਪੁੱਤ
ਭੈਣ—ਭਰਾ
ਆਸ਼ਿਕ—ਮਹਿਬੂਬ
ਪਤੀ—ਪਤਨੀ
ਜਾਂ ਫਿਰ,
ਦੋਸਤੀ,

ਕਿਸ ਰਿਸ਼ਤੇ ਦਾ
ਨਾਮ ਦਈਏ ?
ਸਭ ਰਿਸ਼ਤੇ,
ਇਸ ਯੁੱਗ ਦੀਆਂ ਨਜ਼ਰਾਂ ਵਿਚ,
ਬਦਨਾਮ ਹਨ !
ਪਰ ਤੂੰ,

ਡਰ ਨਹੀਂ
ਚਲ ਆਪਾਂ,
ਇਕ ਦੂਜੇ ਦੇ ਦੁੱਖ ਵੰਡਾਈਏ ।
ਇਕ ਦੂਜੇ ਦਾ ਦਰਦ ਹੰਢਾਈਏ ।
ਇਕ ਦੂਜੇ ਦਾ ਜੀਵਨ ਜੀਵੀਏ ।
ਇਕ ਦੂਜੇ ਦੀ ਮਰਨੀ ਮਰੀਏ ।
ਅਤੇ
ਆਪਣਾ ਰਿਸ਼ਤਾ,
ਬੇ-ਨਾਮ ਰੱਖੀਏ ।

□



## ਵਾਂਗੂੰ

ਜਿਉਂਦੇ ਹਾਂ ਜ਼ਿੰਦਗੀ ਨੂੰ ਵੀਰਾਨਿਆਂ ਦੇ ਵਾਂਗੂੰ ।
ਜਲਦੇ ਹਾਂ ਸੂਰਜਾਂ ਵੇ ਪਰਵਾਨਿਆਂ ਦੇ ਵਾਂਗੂੰ ।

ਸਾਡੀ ਵੀ ਆਰਜ਼ੂ ਸੀ ਬਣੀਏਂ ਕਲੀ ਦਾ ਮੁਖੜਾ,
ਉਡਦੇ ਹੀ ਫਿਰ ਰਹੇ ਹਾਂ ਕਖ-ਕਾਨਿਆਂ ਦੇ ਵਾਂਗੂੰ ।

ਮੈਨੂੰ ਨਹੀਂ ਪਤਾ ਸੀ ਕੇ ਆਪਣੇ ਵੀ ਏਦਾਂ,
ਪੁੱਛਣਗੇ ਹਾਲ ਆ ਕੇ ਬੇਗਾਨਿਆਂ ਦੇ ਵਾਂਗੂੰ ।

ਲਾ ਕੇ ਜੋ ਬਹਿ ਗਿਆ ਹਾਂ ਮੈਂ ਰੋਗ ਉਮਰ ਭਰ ਦਾ,
ਇਹ ਜਾਪਦਾ ਹੈ ਹੁਣ ਤਾਂ ਨਜ਼ਰਾਨਿਆਂ ਦੇ ਵਾਂਗੂੰ ।

ਏਨੀ ਖ਼ਬਰ ਸੀ ਕਿਸ ਨੂੰ ਆਵੇਗੀ ਰਾਤ ਐਸੀ,
ਦੇਵੇਗੀ ਦਿਨ ਅਸਾਂ ਨੂੰ ਹਰਜਾਨਿਆਂ ਦੇ ਵਾਂਗੂੰ ।

"ਪਰਦੇਸੀ" ਸ਼ਹਿਰ, ਪਿੰਡੀਂ, ਕਸਬੀਂ ਗਲੀ ਗਲੀ ਚੋਂ,
ਭਾਲੇਂਗਾ ਉਸ ਨੂੰ ਕਦ ਤਕ ਦੀਵਾਨਿਆਂ ਦੇ ਵਾਂਗੂੰ ।

□

## ਦਸਤੂਰ

ਮੈਨੂੰ ਕਲਿਆਂ ਬੈਠ ਕੇ,
ਹੰਝੂ ਵਹਾਈ ਜਾਣ ਦੇ ।
ਇਸ਼ਕ ਦਾ ਦਸਤੂਰ ਇਹ ਵੀ,
ਹੈ ਨਿਭਾਈ ਜਾਣ ਦੇ ।

ਸ਼ੁਕਰੀਆ ਹੈ ਸ਼ੁਕਰੀਆ,
ਉਸ ਬੇ-ਕਦਰ ਦਾ ਸ਼ੁਕਰੀਆ ।
ਜੋ ਵਫ਼ਾ ਦੇ ਅਰਥ ਨੂੰ ਨਾ,
ਉਮਰ ਭਰ ਹੀ ਸਮਝਿਆ ।

ਪਰ ਵਫ਼ਾ ਦੀ ਜੋਤ ਮੈਨੂੰ,
ਤੂੰ ਜਗਾਈ ਜਾਣ ਦੇ ।
ਇਸ਼ਕ ਦਾ ਦਸਤੂਰ ਇਹ ਵੀ,
ਹੈ ਨਿਭਾਈ ਜਾਣ ਦੇ ।

ਮੈਂ ਪਵਿੱਤਰ ਪਿਆਰ ਨੂੰ,
ਰਾਤੀਂ ਝਨਾ 'ਚੋਂ ਭਾਲਦਾਂ ।
ਫਿਰ ਦਿਨੇ ਮੈਂ ਜ਼ਿੰਦਗੀ ਨੂੰ,
ਗ਼ਮ ਦੇ ਥਲ ਵਿਚ ਜਾਲਦਾਂ ।

ਮੈਨੂੰ ਧੁਖ ਧੁਖ ਕੇ ਇਵੇਂ,
ਜੀਵਨ ਬਿਤਾਈ ਜਾਣ ਦੇ ।
ਇਸ਼ਕ ਦਾ ਦਸਤੂਰ ਇਹ ਵੀ,
ਹੈ ਨਿਭਾਈ ਜਾਣ ਦੇ ।

ਮੇਰੇ ਵਾਂਗੂੰ ਜੀਣਾ ਹੈ ਤਾਂ,
ਤੂੰ ਕਿਸੇ ਨੂੰ ਪਿਆਰ ਕਰ ।
ਜ਼ਿੰਦਗੀ ਭਰ ਵਾਸਤੇ ਇਹ,
ਜ਼ਿੰਦਗੀ ਦੁਸ਼ਵਾਰ ਕਰ ।

ਤੂੰ ਵੀ ਫਿਰ ਆਖੇਂਗਾ ਹੁਣ,
ਹੰਝੂ ਵਹਾਈ ਜਾਣ ਦੇ ।



ਇਸ਼ਕ ਦਾ ਦਸਤੂਰ ਇਹ ਵੀ,
ਹੈ ਨਿਭਾਈ ਜਾਣ ਦੇ ।

ਤੇਰੇ ਦਿਲ ਤੇ ਵਰਨਗੇ,
ਪੱਥਰ ਜਦੋਂ ਐ ਬੇ-ਖ਼ਬਰ !
ਸਮਝੇਂਗਾ "ਪਰਦੇਸੀ" ਵਾਂਗੂੰ,
ਓਪਰਾ ਅਪਣਾ ਨਗਰ ।

ਪੀੜ ਦਿਲਬਰ ਦੀ ਹੈ,
ਆਖੇਂਗਾ ਹੰਢਾਈ ਜਾਣ ਦੇ ।
ਇਸ਼ਕ ਦਾ ਦਸਤੂਰ ਇਹ ਵੀ,
ਹੈ ਨਿਭਾਈ ਜਾਣ ਦੇ ।

□

## ਖ਼ਤ

ਮੇਰੀ ਮਹਿਬੂਬ
ਕਿੰਨੇ ਹੀ ਵਰ੍ਹੇ ਹੋ ਗਏ ਨੇ,
ਭਾਵੇਂ ਸਾਨੂੰ ਵਿੱਛੜਿਆਂ ਨੂੰ
ਪਰ ਤੇਰੇ ਸਾਹਾਂ ਚੋਂ ਆਉਂਦੀ,
ਕੱਚੇ ਦੁੱਧ ਦੀ ਮਹਿਕ ਵਰਗਾ ਕੁਝ,
ਮੈਂ ਹੁਣ ਵੀ ਮਹਿਸੂਸ ਕਰਦਾ ਹਾਂ ।

ਜਦੋਂ ਵੀ ਮੈਂ ਆਪਣੀ ਪਤਨੀ ਦੇ ਕੋਲ ਬੈਠਾ ਹੋਵਾਂ
ਪਰ ਕਹਿੰਦੇ ਹਨ
ਹਿਜਰਾਂ ਦੇ ਸਾਲ ਨਹੀਂ ਗਿਣੀਦੇ,
ਨਹੀਂ ਤਾਂ ਬੀਤੇ ਵਿਚ ਪੀਤੀਆਂ,
ਜ਼ਹਿਰ ਦੀਆਂ ਘੁੱਟਾਂ,
ਜੀਵਨ ਵਿਚ ਕੁੜੱਤਣ ਭਰ ਦੇਂਦੀਆਂ ਨੇ ।
ਪਰ ਆਪਾਂ ਤੇ,
ਜੰਮੇ ਹੀ ਕੁੜੱਤਣਾਂ ਹੰਢਾਣ ਲਈ ਸਾਂ ।

ਮੇਰੀ ਮਹਿਬੂਬ,
ਇਹ ਜ਼ਰੂਰੀ ਤਾਂ ਨਹੀਂ
ਕਿ ਆਦਮੀ,
ਸਾਰੇ ਹੀ ਵਾਅਦੇ ਪੂਰੇ ਕਰੇ ।
ਮੁਆਫ਼ ਕਰੀਂ,
ਮੈਂ ਜੋ ਤੇਰੇ ਨਾਲ
ਤੈਨੂੰ ਭੁੱਲ ਜਾਣ ਦਾ ਵਾਅਦਾ ਕੀਤਾ ਸੀ
ਨਿਭਾ ਨਹੀਂ ਸਕਿਆ ।

ਪਰ ਹਾਂ
ਤੂੰ ਕਿਹਾ ਸੀ ਨਾ !
ਕਿ ਤੂੰ ਵਿਆਹ ਕਰਵਾ ਲਵੀਂ ?
ਕਿਸੇ ਚੰਗੀ ਜਹੀ,



ਅਤੇ ਸਿਆਣੀ ਜਹੀ ਕੁੜੀ ਨਾਲ
ਮੈਂ ਤੇ ਹੁਣ............!

ਹਾਂ ਤੇ,
ਮੈਂ ਹੁਣ ਸੱਚ ਮੁੱਚ,
ਵਿਆਹ ਕਰਵਾ ਲਿਆ ਹੈ,
ਤੇਰੀ ਵਰਗੀ,
ਸਿਆਣੀ ਅਤੇ ਚੰਗੀ ਜਹੀ ਕੁੜੀ ਨਾਲ ।

ਹਾਂ ਸੱਚ,
ਉਸ ਦਾ ਨਾਉਂ ਵੀ,
ਤੇਰੇ ਨਾਉਂ ਵਾਂਗ
(ਸੱਸੇ)
ਨਾਲ ਹੀ ਸ਼ੁਰੂ ਹੁੰਦੈ
ਅਤੇ ਤੇਰੇ ਵਾਂਗ ਹੀ
ਹੱਸਦੀ ਹੱਸਦੀ ਲੜ ਪੈਂਦੀ ਏ,
ਜਾਂ ਫਿਰ,
ਲੜਦੀ ਲੜਦੀ ਹੱਸ ਪੈਂਦੀ ਏ

ਇੰਨ ਬਿੰਨ
ਤੇਰੇ ਵਾਂਗ,
ਜਦੋਂ ਵੀ ਹੱਸਣ ਲਗਦੀ ਏ,
ਕਿੰਨਾ ਕਿੰਨਾ ਚਿਰ
ਹੱਸੀ ਜਾਊ ਹੱਸੀ ਜਾਊ ।

ਸੱਚ ਮੁੱਚ,
ਮੇਰੀ ਮਹਿਬੂਬ
ਮੈਨੂੰ ਇਉਂ ਭਾਸਦੈ
ਜਿਵੇਂ ਤੇਰੀ ਰੂਹ
ਮੇਰੀ ਪਤਨੀ ਵਿਚ ਪ੍ਰਵੇਸ਼ ਕਰ ਗਈ ਹੋਵੇ ।

ਹੋਰ ਹੁਣ ਕੀ ਲਿਖਾਂ ।
ਬਸ ਭਰੋਸਾ ਨਹੀਂ ਰਿਹਾ,
ਕਿਸੇ ਤੇ ਵੀ,
ਆਪਣੇ ਆਪ ਤੇ ਵੀ ਨਹੀਂ ।
ਪਰ ਪੌਣਾਂ ਤੇ ਪਵਿੱਤਰ ਹੁੰਦੀਆਂ ਨੇ ।
ਪੌਣਾਂ ਕਦੀ ਝੂਠ ਨਹੀਂ ਬੋਲਦੀਆਂ ।

ਪੌਣਾਂ ਦੇ ਦਿਲ ਵੀ ਕਾਲੇ ਨਹੀਂ ਹੁੰਦੇ,
ਮਨੁੱਖਾਂ ਵਾਂਗ,
ਏਸੇ ਲਈ ਇਹ ਖ਼ਤ
ਮੈਂ ਤੈਨੂੰ ਪੌਣਾਂ ਹੱਥ ਭੇਜ ਰਿਹਾ ਹਾਂ
ਅੱਛਾ.........ਬਾਕੀ.........

□



## ਕਾਹਨੂੰ ਲਾਈਆਂ

ਲੁਕ ਲੁਕ ਲਾਈਆਂ, ਛੁਪ ਛੁਪ ਰੋਈਆਂ,
ਰੋ-ਰੋ ਹੋਈਆਂ ਰੱਤੀਆਂ ਵੇ ਅਸੀਂ ।
ਕਾਹਨੂੰ ਲਾਈਆਂ, ਅੱਖੀਆਂ, ਵੇ ਅਸੀਂ......

ਨਕਲੀ ਸਾਗਰ, ਲਹਿਰਾਂ ਨਕਲੀ,
ਨਕਲੀ ਰਸਤੇ, ਠਹਿਰਾਂ ਨਕਲੀ,
ਨਕਲੀ ਮੌਤਾਂ, ਜ਼ਹਿਰਾਂ ਨਕਲੀ,
ਜਾਣ ਨਾ ਸਾਥੋਂ, ਚੱਟੀਆਂ ਵੇ ਅਸੀਂ
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ......

ਸੂਲੀ ਲਟਕਣ ਪਲ ਅਧਮੋਏ,
ਦਾਗ਼ ਰੁੱਤਾਂ ਦੇ ਕਿਹੜਾ ਧੋਏ,
ਕਤਲ ਅਸਾਡੇ ਹਾਸੇ ਹੋਏ,
ਮੂਲ ਨਾ ਖੁੱਲ੍ਹ ਕੇ ਹੱਸੀਆਂ, ਵੇ ਅਸੀਂ,
ਕਾਹਨੂੰ ਲਾਈਆਂ, ਅੱਖੀਆਂ ਵੇ ਅਸੀਂ......

ਤੇਰਾ ਗ਼ਮ ਤੇਰਾ ਹੀ ਝੋਰਾ,
ਫ਼ਿਕਰ ਨਹੀਂ ਹੈ ਅਪਣਾ ਭੋਰਾ ।
ਰੰਗ ਬਦਲ ਗਿਉਂ ਤੂੰ ਕਿਉਂ ਮੋਰਾ,
ਤੇਰੇ ਨਾਲ ਮੈਂ ਨੱਚੀਆਂ ਵੇ ਅਸੀਂ......
ਨੈਣਾਂ ਚੋਂ ਹੁੰਦੀਆਂ ਬਰਸਾਤਾਂ,
ਲੁਕ ਗਈਆਂ ਕਿੱਧਰ ਪਰਭਾਤਾਂ,
ਨਾਗਾਂ ਵਾਂਗੂੰ ਸ਼ੂਕਣ ਰਾਤਾਂ,
ਜਾਣ ਨਾ ਕੱਲਿਆਂ, ਕੱਟੀਆਂ, ਵੇ ਅਸੀਂ,
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ......

ਚੰਦ ਫਿਰੇ ਕਿਉਂ ਦਾਗ਼ ਲਕੋਈ,
ਰਾਤ ਨਿਮਾਣੀ ਛਮ ਛਮ ਰੋਈ,
"ਪਰਦੇਸੀ" ਦੀ ਸਾਰ ਨਾ ਕੋਈ,
ਸਾਰਾ "ਮੋਗਾ" ਕੱਢੀਆਂ ਵੇ ਅਸੀਂ,
ਕਾਹਨੂੰ ਲਾਈਆਂ ਅੱਖੀਆਂ ਵੇ ਅਸੀਂ......

□

## ਸਹੁੰ

ਕਦੀ ਮੈਂ ਸੋਚਿਆ ਨਾ ਸੀ
ਕਿ ਅਟਕਾਂਗਾ,
ਤੇਰੇ ਰੁਖ਼ਸਾਰ ਤੇ ਮੈਂ ਅੱਥਰੂ ਬਣਕੇ,
ਅਤੇ ਫਿਰ ਚਿਪਕ ਜਾਵਾਂਗਾ
ਤੇਰੇ ਹੋਠਾਂ ਤੇ ਬਣ ਹਉਕਾ ।

ਗਿਲਾ ਤੇਰਾ ਇਹ ਵਾਜਿਬ ਹੈ,
ਕਿ ਮਹਿਕੋਂ ਸਖਣੇ ਫੁਲ ਖ਼ਾਤਿਰ
ਮੈਂ ਖ਼ਾਰਾਂ ਨੂੰ ਗਲੇ ਲਾਇਆ।

ਇਹ ਕੀ ਕਾਫ਼ੀ ਨਹੀਂ ਏਨਾ,
ਘੜੇ ਕੱਚੇ ਦੇ ਦਿਲ ਉੱਤੇ,
ਤੂੰ ਅਪਣਾ ਦਿਲ ਨਹੀਂ ਧਰਿਆ,
ਤੂੰ ਅੱਧ ਵਿਚਕਾਰ ਨਹੀਂ ਡੁੱਬੀ
ਮੈਂ ਅੱਧ ਵਿਚਕਾਰ ਡੁਬਿਆਂ ਹਾਂ।

ਇਹ ਕੀ ਕਾਫ਼ੀ ਨਹੀਂ ਏਨਾ,
ਤੂੰ ਤਪਦੇ ਥਲ ਨਹੀਂ ਛਾਣੇ ?
ਸ਼ਰਾਬੀ ਕਰ ਮੇਰੇ ਭਾਈਆਂ,
ਕਿਸੇ ਡਾਚੀ ਦੀ ਪਿੱਠ ਉੱਤੇ,
ਅਸਾਡਾ ਪਿਆਰ ਨਈਂ ਲੱਦਿਆ,
ਅਤੇ ਫਿਰ ਇਸ਼ਕ ਸਾਡੇ ਨੇ
ਕੋਈ ਹਾਸ਼ਿਮ ਨਹੀਂ ਜਣਿਆ ।
ਗਿਲਾ ਤੇਰਾ ਇਹ ਵਾਜਿਬ ਹੈ,
ਕਿ ਛੋਟੀ ਜ਼ਿੰਦਗੀ ਨਾਲੋਂ,
ਮੈਂ ਲੰਮੀ ਮੌਤ ਅਪਣਾਈ ।

ਇਹ ਕੀ ਕਾਫ਼ੀ ਨਹੀਂ ਏਨਾ,
ਤੂੰ ਮੇਰੇ ਤੀਰ ਨਈਂ ਤੋੜੇ,
ਮੈਂ ਤੇਰੇ ਵੀਰ ਨਈਂ ਮਾਰੇ,



ਤੇ ਤੂੰ ਜੰਡ ਹੇਠ ਬਹਿ ਕੇ,
ਆਪਣਾ ਚੂੜਾ ਨਹੀਂ ਭੰਨਿਆਂ।
ਤੇਰੇ ਚੂੜੇ ਦੀ ਸਹੁੰ ਮੈਨੂੰ,
ਕਦੀ ਮੈਂ ਸੋਚਿਆ ਨਾ ਸੀ,
ਕਿ ਅਟਕਾਂਗਾ
ਤੇਰੇ ਰੁਖ਼ਸਾਰ ਤੇ-ਮੈਂ ਅੱਥਰੂ ਬਣਕੇ,
ਅਤੇ ਫਿਰ ਚਿਪਕ ਜਾਵਾਂਗਾ,
ਤੇਰੇ ਹੋਠਾਂ ਤੇ ਬਣ ਹਉਕਾ ।

□

## ਸੁਪਨੇ ਹੋਏ ਲੀਰਾਂ

ਇਸ਼ਕ ਤੇਰੇ ਨੇ ਸਾਨੂੰ ਸਜਣਾਂ,
ਕੀ ਕੀ ਰੰਗ ਵਿਖਾਏ ।
ਦਿਲ ਸਾਡੇ ਨੂੰ ਨੰਗੇ ਪੈਰੀਂ,
ਥੋਰੀਂ ਨਾਚ ਨਚਾਏ ।

ਆਸਾਂ ਟੁੱਟੀਆਂ, ਝਾਕਾਂ ਮੁੱਕੀਆਂ,
ਸੁਪਨੇ ਹੋਏ ਲੀਰਾਂ ।
ਵੈਰੀ ਹੋਈ ਦੁਨੀਆਂ ਸਾਰੀ,
ਹੋ ਗਏ ਯਾਰ ਪਰਾਏ ।

ਭੂਤਾਂ ਵਾਂਗੂ ਲਗਦਾ ਤੈਨੂੰ,
ਹੁਣ ਉਸ ਦਾ ਪਰਛਾਵਾਂ ।
ਜਿਸ ਬੰਦੇ ਨੇ ਤੇਰੀ ਖ਼ਾਤਿਰ,
ਲੱਖਾਂ ਵੈਰ ਵਿਹਾਏ ।

ਧੁਖਦੇ ਦਿਨ ਹਰ ਰਾਤ ਸੁਲਗਦੀ,
ਧੂੰ ਦੇ ਵਗਣ ਵਰੋਲੇ ।
ਚੇਤਨਤਾ ਦੇ ਖੰਭ ਧੁਆਂਖੇ,
ਬਿਰਹਾ ਕਹਿਰ ਕਮਾਏ ।

ਤੜਫਣ ਰੁੱਤਾਂ ਸਹਿਕਣ ਵਾਵਾਂ,
ਬਣ ਗਏ ਬਾਗ਼ ਉਜਾੜਾਂ ।
ਜ਼ਖ਼ਮੀ ਕੋਇਲ ਕੂਕਾਂ ਜ਼ਖ਼ਮੀ,
ਕੈਦੀ ਸਭ ਹਮਸਾਏ ।

ਟੁੱਟ ਗਏ ਫੁੱਲ ਲਗ਼ਰ ਦੇ ਨਾਲੋਂ,
ਖ਼ੂਨੀ ਝੱਖੜ ਝੁੱਲੇ ।
ਰੁੱਖਾਂ ਸੰਗ ਲਿਪਟ ਕੇ ਮਾਲੀ,
ਛਮ ਛਮ ਨੀਰ ਵਹਾਏ ।

ਚੁੱਪ ਚੁਪੀਤਾ ਦਰਦ ਜਰੇ ਜੋ,
ਸਮਝਣ ਲੋਕੀਂ ਝੱਲਾ ।



ਪਾਗ਼ਲ ਕਹਿ ਕੇ ਪੱਥਰ ਮਾਰਨ,
ਜੇਕਰ ਸ਼ੋਰ ਮਚਾਏ ।
"ਪਰਦੇਸੀ" ਦਾ ਖ਼ੂਨ ਉਦੋ ਜਦ,
ਹੱਥੀਂ ਲੱਗਿਆ ਤੱਕਣ,
ਲੋਕੀਂ ਆਖਣ ਸ਼ਗਨਾਂ ਦਾ ਦਿਨ,
ਸਭਨਾਂ ਦੇ ਘਰ ਆਏ ।

□

## ਦੋ ਪਲ ਰਲ ਬਹੀਏ

ਆ ਸਜਣਾ ਦੋ ਪਲ ਰਲ ਬਹੀਏ,
ਭਲਕੇ ਵਿੱਛੜ ਜਾਣਾ ।
ਤੇਰੇ ਪਿੱਛੋਂ ਤੇਰੀਆਂ ਯਾਦਾਂ,
ਸਾਡਾ ਚਿੱਤ ਪਰਚਾਣਾਂ ।

ਆਉਣਗੀਆਂ ਕਦ ਹੁਣ ਦੀਆਂ ਗਈਆਂ,
ਬਾਗ਼ਾਂ ਵਿਚ ਬਹਾਰਾਂ ।
ਤੇਰੇ ਬਾਝੋਂ ਸਾਡੇ ਬਾਗੀਂ,
ਫੁਲ ਬਣ ਜਾਣੇ ਖ਼ਾਰਾਂ ।

ਦਸ ਜਾਹ ਬੈਠ ਬਨੇਰੇ ਸਾਡੇ,
ਕਾਗ ਕਦੋਂ ਕੁਰਲਾਣਾਂ ।
ਆ ਸੱਜਣਾ ਦੋ ਪਲ ਰਲ ਬਹੀਏ,
ਭਲਕੇ ਵਿੱਛੜ ਜਾਣਾ ।

ਜ਼ੁਲਫ਼ਾਂ ਮੇਰੀਆਂ ਦੇ ਵਿਚ ਕੁੰਡਲ,
ਪਿਆਰ ਤੇਰੇ ਨੇ ਪਾਏ ।
ਗ਼ਮ ਦੇ ਧੂੰਏਂ ਦੇ ਹੁਣ ਰਹਿਣੇ,
ਨਾਲ ਅਸਾਂ ਦੇ ਸਾਏ ।

ਪਰਦੇਸਾਂ ਵਿਚ ਜਾ ਕੇ ਸਜਣਾਂ,
ਸਾਨੂੰ ਨਾ ਭੁਲ ਜਾਣਾ ।
ਤੇਰੇ ਪਿੱਛੋਂ ਤੇਰੀਆਂ ਯਾਦਾਂ,
ਸਾਡਾ ਚਿਤ ਪਰਚਾਣਾ ।

ਰਾਹ ਤਕ ਤਕ ਕੇ ਮਰ ਨਾ ਜਾਵਣ,
ਸਾਡੇ ਨੈਣ ਪਿਆਸੇ ।
ਕਦ ਬੀਜੇਂਗਾ ਆ ਕੇ ਸਾਡੇ,
ਵਿਹੜੇ ਦੇ ਵਿਚ ਹਾਸੇ ।



ਦਸ ਜਾਹ ਕਦ ਤਕ ਮਾਸ ਅਸਾਡਾ,
ਹਿਜਰ ਤੇਰੇ ਨੇ ਖਾਣਾ ।
ਆ ਸੱਜਣਾ ਦੋ ਪਲ ਰਲ ਬਹੀਏ,
ਭਲਕੇ ਵਿੱਛੜ ਜਾਣਾ ।

ਚਾਨਣ ਦੇ ਘੁਟ ਬਦਲੇ ਜਿੰਦੇ,
ਘੋਰ ਹਨੇਰੇ ਗੁੰਦੇ ।
ਫੁੱਲ ਅਤੇ "ਪਰਦੇਸੀ",
ਰੌਣਕ ਪਲ ਦੋ ਪਲ ਦੀ ਹੁੰਦੇ ।

ਅੱਜ ਏਥੇ ਤੇ ਕਲ ਓਥੇ,
ਫਿਰ ਪਰਸੋਂ ਹੋਰ ਟਿਕਾਣਾ ।
ਆ ਸਜਣਾ ਦੋ ਪਲ ਪਲ ਬਹੀਏ,
ਭਲਕੇ ਵਿੱਛੜ ਜਾਣਾ ।

□

# ਰਾਤ ਦਿਨ

ਕਿਉਂ ਮੈਂ ਤੇਰੇ ਆਉਣ ਦੇ ਸੁਪਨੇ ਸਜਾਏ ਰਾਤ ਦਿਨ।
ਇਸ ਤਿਹਾਈ ਜਿੰਦ ਨੂੰ ਹੰਝੂ ਪਿਲਾਏ ਰਾਤ ਦਿਨ।

ਹੋ ਗਿਐ ਸਭ ਕੁਝ ਤਬਾਹ ਤੇ ਆਖਦੇ ਨੇ ਯਾਰ ਵੀ,
ਸੂਰਜਾਂ ਦੇ ਸਾਥ ਵਿਚ ਤੂੰ ਕਿਉਂ ਜਲਾਏ ਰਾਤ ਦਿਨ।

ਤੂੰ ਨਹੀਂ ਤਾਂ ਰਾਤ ਦਿਨ ਹੀ ਕਾਲਖਾਂ ਦਾ ਸਾਥ ਹੈ,
ਤੇਰੇ ਹੁੰਦੇ ਕਿਸ ਤਰ੍ਹਾਂ ਸੀ ਜਗਮਗਾਏ ਰਾਤ ਦਿਨ।

ਰੋਣਾ ਉਹ ਵੀ ਚੋਰੀ ਚੋਰੀ, ਹੱਸਣਾ ਤਾਂ ਓਪਰਾ,
ਇਸ਼ਕ ਤੇਰੇ ਨੇ ਕਹੇ ਜਲਵੇ ਵਿਖਾਏ ਰਾਤ ਦਿਨ।

ਪੌਣ ਤੇਰੇ ਪਿੰਡ ਦੀ ਹੁਣ ਬਣ ਗਈ ਸੁਪਨਾ ਜਿਹਾ,
ਤੂੰ ਤੇ ਮੈਂ ਜਿਸ ਪੌਣ ਵਿਚ ਹਾਸੇ ਖਿੰਡਾਏ ਰਾਤ ਦਿਨ।

ਉਸ ਚਮਨ ਵਿਚ ਮਹਿਰਮਾਂ ਮੁੜ ਕੇ ਨਹੀਂ ਆਈ ਬਹਾਰ,
ਜਿਸ ਚਮਨ ਦੀ ਗੋਦ ਵਿਚ ਆਪਾਂ ਬਿਤਾਏ ਰਾਤ ਦਿਨ।

ਵਸਲ ਦੀ ਘੁਟ ਵਾਸਤੇ ਪੀਤਾ ਸਮੁੰਦਰ ਹਿਜਰ ਦਾ,
''ਤਾਂਘ ਪਰਦੇਸੀ'' ਤੇਰੀ ਵਧਦੀ ਹੀ ਜਾਏ ਰਾਤ ਦਿਨ।

□



# ਮੇਰੇ ਸਜਣਾ

ਮੇਰੇ ਸਜਣਾ ਤੇਰਾ ਮੈਨੂੰ ਖ਼ੁਦਾ ਵਰਗਾ ਸਹਾਰਾ ਹੈ।
ਤੇਰੇ ਬਾਝੋਂ ਜਹਾਨ ਅੰਦਰ ਕੀ ਰਾਜਿੰਦਰ ਵਿਚਾਰਾ ਹੈ।

ਮੇਰੇ ਸਾਹਾਂ ਦੇ ਹਾਣੀ ਵੇ ਮੈਂ ਤੈਨੂੰ ਕਿਸ ਤਰ੍ਹਾਂ ਦੱਸਾਂ,
ਤੇਰੇ ਕਾਰਨ ਚੁਹੀਂ ਪਾਸੀਂ ਨਜ਼ਾਰਾ ਹੀ ਨਜ਼ਾਰਾ ਹੈ।

ਜੇ ਤੂੰ ਹੋਵੇਂ ਕੋਈ ਤੂਫ਼ਾਨ ਸਾਨੂੰ ਡੋਬ ਨਹੀਂ ਸਕਦਾ,
ਤੇਰੇ ਤਾਂ ਹੁੰਦਿਆਂ ਮੰਝਧਾਰ ਵੀ ਸਾਡਾ ਕਿਨਾਰਾ ਹੈ।

ਜੋ ਅਪਣੀ ਮੌਤ ਤੋਂ ਡਰਦੇ ਮੁਹੱਬਤ ਕਰ ਨਹੀਂ ਸਕਦੇ,
ਸ਼ਮ੍ਹਾਂ ਤੇ ਜਲ ਰਹੇ ਭੰਬਟ ਦਾ ਸਾਨੂੰ ਹੀ ਇਸ਼ਾਰਾ ਹੈ।

ਹਵਾਵਾਂ ਨਾਲ ਖਹਿ ਖਹਿ ਕੇ ਲੁਟਾਉਣਾ ਮਹਿਕ ਕਲੀਆਂ ਦਾ,
ਸੁਹਾਣਾਂ ਸਾਥ ਹੈ ਤੇਰਾ ਸਮਾਂ ਅੱਜ ਕਿੰਨਾ ਪਿਆਰਾ ਹੈ।

ਮੈਂ ਤੈਨੂੰ ਪਿਆਰ ਕਰਦਾ ਹਾਂ ਜਾਂ ਮੈਨੂੰ ਪਿਆਰ ਤੂੰ ਕਰਦੈਂ,
ਮੁਸੀਬਤ ਦੀ ਘੜੀ ਅੰਦਰ ਇਹੋ ਹੋਣਾ ਨਿਤਾਰਾ ਹੈ।

ਮੇਰੇ ਸਜਣਾ ਤੇਰਾ ਮੈਨੂੰ ਖ਼ੁਦਾ ਵਰਗਾ ਸਹਾਰਾ ਹੈ।
ਤੇਰੇ ਬਾਝੋਂ ਜਹਾਨ ਅੰਦਰ ਕੀ 'ਪਰਦੇਸੀ' ਵਿਚਾਰਾ ਹੈ।

□

## ਪਿੱਛੋਂ

ਬਣੀਂ ਹਰ ਰਾਤ ਹਰਜਾਈ, ਕਿ ਤੇਰੇ ਜਾਣ ਦੇ ਪਿੱਛੋਂ ।
ਕਦੀ ਨੀਂਦਰ ਨਹੀਂ ਆਈ ਕਿ ਤੇਰੇ ਜਾਣ ਦੇ ਪਿੱਛੋਂ ।

ਅਸਾਂ ਨੂੰ ਤੇਰਿਆਂ ਸਾਹਾਂ ਦੀ ਸਰਗਮ ਦਾ ਖ਼ਿਆਲ ਆਇਆ,
ਜਦੋਂ ਵੀ ਗੂੰਜੀ ਸ਼ਹਿਨਾਈ, ਕਿ ਤੇਰੇ ਜਾਣ ਦੇ ਪਿੱਛੋਂ ।

ਮਘੇ ਸੀਨੇ 'ਚ ਚੰਗਿਆੜੇ ਜਿਗਰ ਚੋਂ ਲਾਵੇ ਫੁੱਟ ਆਏ,
ਵਗੀ ਜਦ ਜਦ ਵੀ ਪੁਰਵਾਈ, ਕਿ ਤੇਰੇ ਜਾਣ ਦੇ ਪਿੱਛੋਂ ।

ਕਿਸੇ ਦੀ ਪ੍ਰੀਤ ਵਿਚ ਏਨਾ ਕਦੀ ਗਲਤਾਨ ਨਾ ਹੋਵੇ,
ਅਸਾਂ ਨੂੰ ਹੁਣ ਸਮਝ ਆਈ ਕਿ ਤੇਰੇ ਜਾਣਦੇ ਪਿੱਛੋਂ ।

ਜਦੋਂ ਵੀ ਟਹਿਕੀਆਂ ਕਲੀਆਂ ਉਦੋਂ ਹੀ ਮੇਰੇ ਜ਼ਿਹਨ ਅੰਦਰ,
ਤੇਰੀ ਮੁਸਕਾਨ ਉਭਰ ਆਈ ਕਿ ਤੇਰੇ ਜਾਣ ਦੇ ਪਿੱਛੋਂ ।

ਮੈਂ ਸੁਣਿਐਂ ਕਹਿੰਦਿਆਂ ਲੋਕਾਂ ਨੂੰ ਹੈ ਚੁਪ ਚਾਪ "ਪਰਦੇਸੀ",
ਮੇਰੀ ਤਾਂ ਜੀਭ ਪਥਰਾਈ ਕਿ ਤੇਰੇ ਜਾਣ ਦੇ ਪਿੱਛੋਂ ।

□



## ਪੀੜ੍ਹ ਪਰੌਣੀ ਆਈ

ਮਾਏ ਨੀ,
ਇਕ ਪੀੜ ਪਰੌਣੀ ਆਈ ।
ਆਈ ਨੀ,
ਇਕ ਪੀੜ ਪਰੌਣੀ ਆਈ ।
ਮਾਏ ਇਹ ਨਾ ਪੀੜ ਬਿਗਾਨੀ ।
ਆਈ ਇਸ ਤੇ ਕਹਿਰ ਜਵਾਨੀ ।
ਨਾ ਧਰਤੀ ਤੇ ਨਾ ਅਸਮਾਨੀ ।
ਮੇਰੇ ਦਿਲ ਵਿਚ ਆਣ ਸਮਾਈ ।
ਮਾਏ ਨੀ,
ਇਕ ਪੀੜ ਪਰੌਣੀ ਆਈ ।

ਬਿਰਹੋਂ ਦੇ ਗੀਤਾਂ ਨੂੰ ਗਾਵੇ ।
ਮੈਨੂੰ ਸਾਰੀ ਰਾਤ ਜਗਾਵੇ ।
ਮਾਏ ਇਸ ਚੋਂ ਫੁੱਟਣ ਲਾਵੇ ।
ਇਹ ਤਾਂ ਜਾਪੇ ਹਿਜਰ ਸਤਾਈ ।
ਮਾਏ ਨੀ,
ਇਕ ਪੀੜ ਪਰੌਣੀ ਆਈ ।

ਖ਼ੂਨ ਹੈ ਪੀਂਦੀ ਮਾਸ ਹੈ ਖਾਂਦੀ ।
ਪੁੱਛ ਨਾ ਕੀ ਕੀ ਨਾਚ ਨਚਾਂਦੀ ।
ਨਿੱਤ ਨਵੇਂ ਹੀ ਰੰਗ ਰੰਗਾਂਦੀ ।
ਫਿਰਦੀ ਕੋਈ ਰਾਜ ਲੁਕਾਈ ।
ਮਾਏ ਨੀ,
ਇਕ ਪੀੜ ਪਰੌਣੀ ਆਈ ।
ਝੋਰਾ ਇਹ ਹੱਡਾਂ ਨੂੰ ਖਾਏ ।
"ਪਰਦੇਸੀ ਦੇ ਵਾਂਗੂੰ ਮਾਏ ।
ਇਹ ਵੀ ਛੱਡ ਕੇ ਨਾ ਤੁਰ ਜਾਏ ।
ਇਹ ਵੀ ਨਿਕਲੇ ਨਾ ਹਰਜਾਈ ।
ਮਾਏ ਨੀ,
ਇਕ ਪੀੜ ਪਰੌਣੀ ਆਈ,

□

## ਸੋਚਿਆ ਸੀ

ਆਵੇਗਾ ਸੋਚਿਆ ਸੀ, ਅੰਗੂਰ ਹੌਲੀ ਹੌਲੀ।
ਵਧਦਾ ਹੀ ਜਾ ਰਿਹਾ ਏ ਨਾਸੂਰ ਹੌਲੀ ਹੌਲੀ।

ਰੱਖੇਂਗਾ ਹੋਰ ਕਦ ਤਕ ਦਿਲ ਨੂੰ ਸੰਭਾਲ ਕੇ ਤੂੰ,
ਹੋ ਜਾਏਗਾ ਇਹ ਸ਼ੀਸ਼ਾ ਹੁਣ ਚੂਰ ਹੌਲੀ ਹੌਲੀ।

ਇਕ ਉਮਰ ਬੀਤ ਚੱਲੀ ਗ਼ਮ ਦੇ ਕਲਾਵੇ ਅੰਦਰ,
ਇਹ ਝੂਠ ਹੈ ਹੋ ਜਾਂਦੇ ਗ਼ਮ ਦੂਰ ਹੌਲੀ ਹੌਲੀ।

ਐਵੇਂ ਬਿਠਾ ਬਿਠਾ ਕੇ ਪਲਕਾਂ ਤੇ ਹੁਸਨ ਤਾਂਈਂ,
ਕੀਤਾ ਹੈ ਇਸ਼ਕ ਨੇ ਹੀ ਮਗ਼ਰੂਰ ਹੌਲੀ ਹੌਲੀ।

ਗਿੱਧਿਆਂ ਦੇ ਜੋਬਨਾਂ ਦਾ ਸਾਵਣ ਦੀ ਰੌਣਕਾਂ ਦਾ,
ਖਿੱਲਰ ਹੈ ਜਾਣਾ ਆਖਿਰ ਇਹ ਪੂਰ ਹੌਲੀ ਹੌਲੀ।

ਤੇਰਾ ਖਿਆਲ ਜਦ ਵੀ ਆਉਂਦਾ ਹੈ ਸਾਉਣ ਅੰਦਰ,
ਪੈਂਦਾ ਹੈ ਹੰਝੂਆਂ ਦੀ ਹੁਣ ਬੂਰ ਹੌਲੀ ਹੌਲੀ।

ਹੁੰਦਾ ਰਿਹਾ ਕੀ ਸਜਣਾ ਮੈਂ ਕੋਲ ਕੋਲ ਤੇਰੇ,
ਅਪਣੇ ਤੋਂ ਹੋ ਗਿਆ ਹਾਂ ਮੈਂ ਦੂਰ ਹੌਲੀ ਹੌਲੀ।

ਸੂਰਜ ਦੇ ਆਗਮਨ ਦੀ ਚਿੜੀਆਂ ਖ਼ਬਰ ਜੋ ਦਿੱਤੀ,
ਸਭ ਹੋਣ ਲੱਗੇ ਤਾਰੇ ਬੇ-ਨੂਰ ਹੌਲੀ ਹੌਲੀ।

ਬਦਨਾਮੀਆਂ ਦੇ ਖ਼ਤਰੇ ਜਿਨ੍ਹਾਂ ਨੇ ਵੀ ਸਹੇੜੇ,
"ਪਰਦੇਸੀ" ਹੋ ਗਏ ਉਹ ਮਸ਼ਹੂਰ ਹੌਲੀ ਹੌਲੀ।

□



## ਬੀਤੇ ਦੀ ਅਰਥੀ

ਖ਼ਿਜ਼ਾ ਨੇ ਬਹਾਰਾਂ ਦੀ ਘੰਡੀ ਦਬਾਈ।
ਦਵੇ ਚੀਖ਼ ਵਾ ਘੋਂ ਕਲੀ ਦੀ ਸੁਣਾਈ।

ਮੈਂ ਪਲਕਾਂ ਤੇ ਆਉਂਦੇ ਪਲਾਂ ਨੂੰ ਬਿਠਾਇਆ,
ਮੈਂ ਮੋਢੇ ਤੇ ਬੀਤੇ ਦੀ ਅਰਥੀ ਉਠਾਈ।

ਨਿਕਲੀਆਂ ਸਵੇਰੇ ਦੀਆਂ ਸੁਰਖ਼ ਲਾਟਾਂ,
ਕਿਸੇ ਨੇ ਹਨੇਰੇ ਨੂੰ ਉਹ ਅੱਗ ਲਾਈ।

ਅਸਾਡੀ ਵਫ਼ਾ ਤਾਰਦੀ ਕੀ ਅਸਾਂ ਨੂੰ,
ਕਿ ਲੈ ਡੁੱਬੀ ਸਾਨੂੰ ਤੇਰੀ ਬੇ-ਵਫ਼ਾਈ।

ਕਦੋਂ ਕੈਦ ਹੁੰਦਾ ਹੈ ਚਾਨਣ ਕਿਸੇ ਤੋਂ,
ਘਟਾਏ ਫਿਰੇਂ ਚੰਦ ਕਾਹਨੂੰ ਲੁਕਾਈ।

ਜੇ "ਪਰਦੇਸੀ" ਸਾਜ਼ਾਂ ਦੇ ਦਿ॰ ਜ਼ਖ਼ਮੀਂ ਹੁੰਦੇ,
ਕਿਵੇਂ ਫਿਰ ਨਾ ਜਾਂਦੀ ਗ਼ਜ਼ਲ ਮੇਰੀ ਗਾਈ।

□

## ਆਪਾ ਜਲਾ ਰਿਹਾ ਹਾਂ

ਆਸ਼ਾਂ ਦੇ ਦੀਵਿਆਂ ਤੇ,
ਜੀਵਨ ਬਿਤਾ ਰਿਹਾ ਹਾਂ।
ਅਪਣੇ ਚਿਰਾਗਾਂ ਉੱਤੇ,
ਆਪਾ ਜਲਾ ਰਿਹਾ ਹਾਂ।

ਠੰਢੀ ਹਵਾ ਦੇ ਬੁੱਲੇ,
ਮੈਨੂੰ ਨਹੀਂ ਮੁਆਫ਼ਿਕ।
ਇਸ ਵਾਸਤੇ ਹੀ ਅਗ ਦੇ,
ਗੋਲੇ ਮੈਂ ਖਾ ਰਿਹਾ ਹਾਂ।

ਬਦਲਾਂ ਦੇ ਨਾਲ ਮੇਰੀ,
ਕੀ ਸਾਂਝ ਪੈ ਗਈ ਹੈ।
ਧਰਤੀ ਤੋਂ ਮੈਂ ਗਗਨ ਵਲ,
ਉਡਦਾ ਹੀ ਜਾ ਰਿਹਾ ਹਾਂ।

ਮੈਨੂੰ ਖੁਸ਼ੀ ਹੈ ਤੇਰੀ,
ਰੰਗੀਨ ਜ਼ਿੰਦਗੀ ਹੈ।
ਬੇ-ਰੰਗ ਜ਼ਿੰਦਗੀ ਮੈਂ,
ਅਪਣੀ ਬਣਾ ਰਿਹਾ ਹਾਂ।

ਤੂਫ਼ਾਨ ਬਣ ਗਏ ਹਨ,
ਜਜ਼ਬਾਤ ਮੇਰੇ, ਯਾਰੋ।
ਮੈਂ ਅਪਣੇ ਜਜ਼ਬਿਆਂ ਵਿਚ,
ਰੁੜ੍ਹਦਾ ਹੀ ਜਾ ਰਿਹਾ ਹਾਂ।

ਫੁਲ ਨੇ ਵਫ਼ਾ ਨਾ ਕੀਤੀ,
ਅਪਣਾ ਲਿਆ ਮੈਂ ਪੱਥਰ।
ਇਸ ਵਾਸਤੇ ਹੀ ਪੱਥਰ,
ਹੁੰਦਾ ਮੈਂ ਜਾ ਰਿਹਾ ਹਾਂ।



ਮੈਨੂੰ ਤੂੰ ਯਾਦ ਆਵੇਂ,
ਇਹ ਹਕ ਨਹੀਂ ਹੈ ਤੈਨੂੰ।
ਦਿਨ ਰਾਤ ਇੱਕ ਕਰਕੇ,
ਜਦ ਮੈਂ ਭੁਲਾ ਰਿਹਾ ਹਾਂ।

ਸਮਝਣ ਦੀ ਲੋੜ ਹੀ ਜਦ,
"ਪਰਦੇਸੀ" ਬੇ-ਸਮਝ ਹੈ।
ਸੋਚਾਂ ਵੀ ਕਿਸ ਲਈ ਫਿਰ,
ਕਿੱਧਰ ਮੈਂ ਜਾ ਰਿਹਾ ਹਾਂ।

□

## ਮਾਏ ਨੀ

ਮਾਏ ਨੀਂ, ਕਿੱਧਰ ਨੂੰ ਜਾਵਾਂ ।
ਹਾਏ ਮੈਂ ਕਿੱਧਰ ਨੂੰ ਜਾਵਾਂ ।
ਖਾਣ ਲਈ ਆਵੇ ਨੀ ਮੈਨੂੰ,
ਮਾਏ ਮੇਰਾ ਹੀ ਪਰਛਾਵਾਂ ।

ਗੀਟੇ ਵਿਸਰੇ ਕਿਕਲੀ ਵਿਸਰੀ,
ਭੁੱਲੀ ਗੁੱਡੀਆਂ ਸੰਗ ਪਟੋਲੇ ।
ਅੰਬਰ ਦੇ ਵਿਚ ਉਡਣਾ ਲੋਚਣ,
ਮਾਏ ਮੇਰੇ ਨੈਂਣ ਦੋ ਗੋਲੇ ।

ਭਾਂਬੜ ਜਾਪਣ ਪਿਪਲਾਂ ਦੀਆਂ,
ਠੰਡੀਆਂ ਠੰਡੀਆਂ ਛਾਵਾਂ ।
ਮਾਏ ਨੀ ਕਿੱਧਰ ਨੂੰ ਜਾਵਾਂ,
ਹਾਏ ਮੈਂ ਕਿੱਧਰ ਨੂੰ ਜਾਵਾਂ ।

ਝੁਰਦਾ ਵੇਖ ਸਰੂ ਜੇਹੀ ਧੀ,
ਕੀਕਣ ਬਾਬਲ ਭਾਰ ਉਤਾਰੂ ।
ਜੰਮੀਂ ਦੇਸ਼ ਕਿਹੇ ਧੀ, ਮਾਏ,
ਜਿਧਰੇ ਕਿਧਰੇ ਧੀਆਂ ਭਾਰੂ ।

ਸਭ ਧੀਆਂ ਦਾ ਭਾਰ ਨਾ ਲਹਿਣਾ,
ਜੇਕਰ ਮੈਂ ਕੱਲੀ ਮਰ ਜਾਵਾਂ ।
ਮਾਏ ਨੀ, ਕਿੱਧਰ ਨੂੰ ਜਾਵਾਂ ।
ਹਾਏ ਮੈਂ ਕਿੱਧਰ ਨੂੰ ਜਾਵਾਂ ।

ਘੋਰ ਹਨੇਰੇ ਦੇ ਵਿਚ ਰੋਵੇ,
ਮਾਏ ਮੇਰਾ ਰੂਪ ਕੁਆਰਾ ।
ਆਖਣ ਲਗਨ ਨਹੀਂ ਹੈ ਚੰਗਾ,
ਅੰਬਰ ਚੋਂ ਜਦ ਟੁੱਟੇ ਤਾਰਾ ।



ਤਾਰਾ ਟੁੱਟ ਕੇ ਚਾਨਣ ਕਰਦੇ,
ਫਿਰ ਵੀ ਕਿਉਂ ਨਾ ਦਿਸਦੀਆਂ ਰਾਵ੍ਹਾਂ ।
ਮਾਏ ਨੀ ਕਿੱਧਰ ਨੂੰ ਜਾਵਾਂ ।
ਹਾਏ ਮੈਂ ਕਿੱਧਰ ਨੂੰ ਜਾਵਾਂ ।

ਏਦੂੰ ਤਾਂ ਪੰਛੀ ਚੰਗੇ ਨੇ,
ਜਿਨ੍ਹਾਂ ਨੂੰ ਇਹ ਫ਼ਿਕਰ ਨਹੀਂ ਹੈ ।
ਧੀ, ਧਿਆਣੀ ਦਾ "ਪਰਦੇਸੀ",
ਜਿੰਨ੍ਹਾਂ ਦੇ ਵਿਚ ਜ਼ਿਕਰ ਨਹੀਂ ਹੈ ।

ਤੂੰ ਵੀ ਮਾਏ ਧੀ ਕਿਸੇ ਦੀ,
ਦੋਸ਼ ਕਿਵੇਂ ਤੇਰੇ ਤੇ ਲਾਵਾਂ ।
ਮਾਏ ਨੀ ਕਿੱਧਰ ਨੂੰ ਜਾਵਾਂ ।
ਹਾਏ ਮੈਂ ਕਿੱਧਰ ਨੂੰ ਜਾਵਾਂ ।

□

## ਵੇਖ

ਹੋਵੇਗੀ ਰੌਸ਼ਨੀ ਜ਼ਰਾ,
ਤੂੰ ਦਿਲ ਜਲਾ ਕੇ ਵੇਖ ।
ਇਸ ਜ਼ਿੰਦਗੀ ਤੋਂ ਨ੍ਹੇਰ ਦੀ,
ਚਾਦਰ ਹਟਾ ਕੇ ਵੇਖ ।

ਐਵੇਂ ਨਾ ਜ਼ਿੰਦਗੀ ਨੂੰ,
ਤੂੰ ਕੱਖਾਂ ਦੇ ਨਾਲ ਤੋਲ ।
ਮਹਿਕਾਂ ਦੇ ਵਾਂਗ ਦੋਸਤਾ,
ਆਪਾ ਲੁਟਾ ਕੇ ਵੇਖ ।

ਗੀਤਾਂ ਬਗ਼ੈਰ ਸਾਜ਼ ਤੇ,
ਸਾਜ਼ਾਂ ਬਗ਼ੈਰ ਗੀਤ ।
ਹੁੰਦੇ ਨਹੀਂ ਜਵਾਨ,
ਨਾ ਤੂੰ ਆਜ਼ਮਾ ਕੇ ਵੇਖ ।

ਬੰਦਾ ਬਣਾ ਕੇ ਪਾਪ,
ਕੀ ਕੀਤੈ ? ਜੇ ਜਾਣਦੈ ।
ਰੱਬਾ ਇਕੇਰਾਂ ਖ਼ੁਦ ਨੂੰ ਹੀ,
ਬੰਦਾ ਬਣਾ ਕੇ ਵੇਖ ।

ਉਠਦੇ ਤੂੰ ਵੇਖੀ ਵਲਵਲੇ,
ਤੂਫ਼ਾਨ ਵਾਂਗ ਕਿੰਜ ।
ਸਾਹਾਂ ਦੇ ਅਪਣੀ ਜਾਨ ਤੇ,
ਝੱਖੜ ਝੁਲਾ ਕੇ ਵੇਖ ।

ਫੁੱਲਾਂ ਨੂੰ ਤਾਂ ਜਣਾ ਖਣਾ,
ਚਿਥਦਾ ਹੈ ਸ਼ੌਕ ਨਾਲ ।
ਕਰਨਾ ਹੈ ਜੇ ਕਮਾਲ ਤਾਂ,
ਕੰਕਰ ਚਬਾ ਕੇ ਵੇਖ ।



"ਪਰਦੇਸੀ" ਬੀਤਦੀ ਹੈ,
ਕੀ ਵੇਖੀਂ ਰਕੀਬ ਤੇ,
ਪਲਕਾਂ 'ਚ ਦਿਲ ਦੀ ਪੀੜ ਦੇ,
ਹੰਝੂ ਲੁਕਾ ਕੇ ਵੇਖ ।

# ਤੂੰ ਕੀ ਜਾਣੇ

ਚੰਗਾ ਹੋਇਆ ਸੋਹਣੀ ਹੋ ਗਈ,
ਜੋ ਤੂੰ ਸੱਜਣਾ ਕੀਤੀ ਵੇ ।
ਤੂੰ ਕੀ ਜਾਣੇ ਜਿੰਦ ਮੇਰੀ ਤੇ,
ਕੀ ਬੇ-ਦਰਦਾ ਬੀਤੀ ਵੀ ।

ਬੇ-ਪਰਵਾਹਾ ਜਦ ਤੋਂ ਮੁਖੜਾ,
ਤੂੰ ਸਾਡੇ ਤੋਂ ਮੋੜ ਲਿਆ ।
ਮੈਂ ਉਸ ਦਿਨ ਤੋਂ ਨਾਤਾ,
ਤੇਰੀਆਂ ਯਾਦਾਂ ਦੇ ਸੰਗ ਜੋੜ ਲਿਆ ।

ਮਹਿਕਾਂ ਲੁੱਟ ਕੇ ਤੁਰਦੇ ਹੋਣਾ,
ਭੌਰਾਂ ਦੀ ਹੈ ਰੀਤੀ ਵੇ ।
ਤੂੰ ਕੀ ਜਾਣੇ ਜਿੰਦ ਮੇਰੀ ਤੇ,
ਕੀ ਬੇ-ਦਰਦਾ ਬੀਤੀ ਵੇ ।

ਸੁੰਨੀਆਂ ਸੁੰਨੀਆਂ ਲੱਗਣ ਵੀਹਾਂ,
ਸੁੰਨਾਂ ਚਾਰ ਚੁਫੇਰਾ ਵੇ ।
ਲੋਕੀਂ ਰਹਿਣ ਆਵਾਜ਼ਾਂ ਕਸਦੇ,
ਲੈ ਲੈ ਕੇ "ਨਾਂ" ਤੇਰਾ ਵੇ ।

ਹਿਜਰ ਤੇਰੇ ਨੇ ਘੁਟ ਘੁਟ ਕਰਕੇ,
ਤਤੜੀ ਦੀ ਰੱਤ ਪੀਤੀ ਵੇ ।
ਚੰਗਾ ਹੋਇਆ ਸੋਹਣੀ ਹੋ ਗਈ,
ਜੋ ਤੂੰ ਸੱਜਣਾ ਕੀਤੀ ਵੇ ।

ਕੱਲ੍ਹ ਛੇੜ ਕੇ ਬੈਠ ਗਈ ਸੀ,
ਗੱਲ ਪ੍ਰੀਤੋਂ ਤੇਰੀ ਵੇ ।
ਅੱਖਾਂ 'ਚੋਂ ਹੜ੍ਹ ਦਿਲ ਤੇ ਗ਼ਮ ਦੀ,
ਝੁੱਲੀ ਆਣ ਹਨੇਰੀ ਵੇ ।



ਗ਼ਮ ਦਾ ਦੀਵਾ ਬਾਲ ਬਾਲ ਮੈਂ,
ਲੱਭਾਂ ਜ਼ਿੰਦਗੀ ਬੀਤੀ ਵੇ ।
ਚੰਗਾ ਹੋਇਆ ਸੋਹਣੀ ਹੋ ਗਈ,
ਜੋ ਤੂੰ ਸੱਜਣਾ ਕੀਤੀ ਵੇ ।

ਹੱਸ ਕੇ ਸਜ਼ਾ ਕਬੂਲਾਂਗੀ,
ਪਰ ਦੋਸ਼ ਤਾਂ ਦਸ ਜਾ ਮੇਰਾ ਵੇ ।
ਹੀਰੇ-ਹੀਰੇ ਕਰਨ ਵਾਲਿਆ,
ਪੱਥਰ ਕਰ ਲਿਆ ਜੇਰਾ ਵੇ ।

"ਪਰਦੇਸੀ" ਜੀਵਨ ਦੀ ਕੌੜੀ,
ਜ਼ਹਿਰ ਨਾ ਜਾਂਦੀ ਪੀਤੀ ਵੇ ।
ਤੂੰ ਕੀ ਜਾਣੇ ਜਿੰਦ ਮੇਰੀ ਤੇ,
ਕੀ ਬੇਦਰਦਾ ਬੀਤੀ ਵੇ ।

□

## ਇਸ਼ਕ

ਇਸ਼ਕ ਜਿਹੜਾ ਵੀ ਕਰਦਾ ਹੈ।
ਲੋਕਾਂ ਤੋਂ ਕਦ ਡਰਦਾ ਹੈ।

ਹੁਸਨ ਤੇਰੇ ਦਾ ਜਾਦੂ ਜੋ,
ਤੇਰੇ ਤੇ ਕਦ ਮਰਦਾ ਹੈ।

ਕਾਰਾ ਕੀਤਾ ਅੱਖੀਆਂ ਨੇ,
ਦਿਲ ਹੁਣ ਹਉਕੇ ਭਰਦਾ ਹੈ।

ਜਾਨ ਮੇਰੀ ਦਾ ਵੈਰੀ ਹੁਣ,
ਹਰ ਜੀ, ਤੇਰੇ ਘਰ ਦਾ ਹੈ।

ਆਖਣ ਲੋਕੀਂ ਮਾਰ ਦਿਓ,
ਹਰਨ ਅੰਗੂਰੀ ਚਰਦਾ ਹੈ।

ਕਾਗ਼ਜ਼ ਦੇ ਬਘਿਆੜਾਂ ਤੋਂ,
ਕਦ "ਪਰਦੇਸੀ" ਡਰਦਾ ਹੈ।

□



## ਸਾਦਗੀ

ਬੇ-ਖ਼ਬਰ, ਬੇ-ਖ਼ਾਬ ਸੀ ਇਹ ਜ਼ਿੰਦਗੀ।
ਲੈ ਗਈ ਲੁਟ ਕੇ ਤੇਰੀ ਸੰਜੀਦਗੀ।

ਕਦ ਅਸੀਂ ਵੀ ਸੀ, ਕਿਸੇ ਦੇ ਲੈਣ ਦੇਂ,
ਮਾਰਦੀ ਨਾ ਜੇ ਇਹ ਤੇਰੀ ਸਾਦਗੀ।

ਝੂਠ ਹੈ ਇਹ ਮੈਂ ਖ਼ੁਦਾ ਨੂੰ ਪੂਜਦੇਂ,
ਕਰ ਰਿਹਾ ਹਾਂ, ਤੇਰੀ ਹੀ ਮੈਂ ਬੰਦਗੀ।

ਹੋਰ ਵਧਦੀ ਜਾ ਰਹੀ ਹੈ ਮੇਰੀ ਪੀੜ,
ਸਾਂਭ ਲੈ ਅਪਣੀ, ਅਵੈੜਾ, ਵੈਦਗੀ।

ਕੀ ਕਰੇਂਗਾ ਪਲ ਹੁਧਾਰਾ ਮੰਗ ਕੇ,
ਕੁਝ ਨਾ ਕੀਤਾ ਜਦ ਤੂੰ ਸਾਰੀ ਜ਼ਿੰਦਗੀ।

ਦਿਲ ਲਗੀ "ਪਰਦੇਸੀ" ਕੀਤੀ ਦੋ ਕੁ ਪਲ,
ਰਹਿ ਗਈ ਬਣ ਕੇ ਤਮਾਸ਼ਾ ਜ਼ਿੰਦਗੀ।

□

## ਲੋਹੜੀ ਵਾਲੀ ਰਾਤ

ਲੋਹੜੀ ਵਾਲੀ ਰਾਤ ਲੋਕੀਂ ਲੋਹੜੀਆਂ ਨੇ ਸੇਕਦੇ ।
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ ।

ਭਰ ਭਰ ਮੁੱਠਾਂ ਲੋਕੀਂ ਵੰਡਣ ਰਿਓੜੀਆਂ,
ਭਰ ਭਰ ਅੱਖਾਂ ਤੇਰੀ ਯਾਦ 'ਚ ਮੈਂ ਰੋੜੀਆਂ ।
ਬਿਰਹੋਂ ਦੀ ਅੱਗ ਸੀਨੇ ਬਾਲ-ਬਾਲ ਸੇਕਦੇ,
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ ।

ਕਲੀਆਂ ਤੋਂ ਕੋਮਲ ਇਹ ਨੈਣ ਕੁਮਲਾਏ ਵੇ ।
ਦੱਸ ਕੋਈ ਫੁੱਲ ਕਿੱਦਾਂ ਮਹਿਕ ਲੁਕਾਏ ਵੇ ।
ਰਾਤ ਹਨੇਰੀ ਸੱਪ ਹਿੱਕ ਉਤੇ ਲੇਟਦੇ,
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ ।

ਹੋਇਆ ਕੀ ਕਸੂਰ ਜੋ ਤੂੰ ਦਿੱਤੀਆਂ ਸਜ਼ਾਵਾਂ ਵੇ ।
ਦੱਸ ਕੀਹਨੂੰ ਵੈਰੀਆ ਮੈਂ ਦੁਖੜੇ ਸੁਣਾਵਾਂ ਵੇ ।
ਰੀਝਾਂ ਦੇ ਮੁਨਾਰੇ ਢਹਿ ਗਏ ਮਹਿਲ ਜਿਵੇਂ ਰੇਤ ਦੇ,
ਨੈਣ ਨਿਮਾਣੇ ਮੇਰੇ ਰਾਹ ਤੇਰਾ ਵੇਖਦੇ ।

ਜਾ ਕੇ ਪਰਦੇਸੀਂ, ਪਰਦੇਸੀ ਗਇਓਂ ਭੁੱਲ ਵੇ ।
ਵੇਖੀਂ ਕਿਤੇ ਟਹਿਣਿਓਂ ਨਾ ਟੁੱਟ ਜਾਵੇ ਫੁੱਲ ਵੇ ।
ਮਹਿਕਾਂ ਦੇ ਲੁਟੇਰੇ ਰਹਿੰਦੇ ਅੱਗਾ ਪਿੱਛਾ ਵੇਖਦੇ,
ਲੋਹੜੀ ਵਾਲੀ ਰਾਤ ਲੋਕੀਂ ਲੋਹੜੀਆਂ ਨੇ ਸੇਕਦੇ ।
ਲੋਹੜੀ ਵਾਲੀ ਰਾਤ ਚੰਨਾ



## ਦਿਲ ਦੀ ਅੱਗ

ਦਿਲ ਦੀ ਅੱਗ ਨਾ ਪੌਣਾਂ ਅੱਗੇ ਧਰਿਆ ਕਰ ।
ਐਵੇਂ ਨਾ ਅਣਹੋਈਆਂ ਗੱਲਾਂ ਕਰਿਆ ਕਰ ।

ਭੁਗਤ ਲਵਾਂਗੇ ਜਿਹੜਾ ਵੀ ਡੰਨ ਦੇਵੇਗਾ,
ਜਗ ਕੋਲੋਂ ਐਵੇਂ ਨਾ ਅੜੀਏ ਡਰਿਆ ਕਰ ।

ਤਾਂਬੇ ਵਰਗੇ ਚਿਹਰੇ ਤੇ ਢਲ ਢਲ ਜਾਂਦੇ ਨੇ,
ਕੌਣ ਕਹੇ ਸੂਰਜ ਨੂੰ ਜ਼ੁਲਮ ਨਾ ਕਰਿਆ ਕਰ ।

ਜਿੰਨਾਂ ਦਿਨ ਨੂੰ ਤਪਦਾ ਏਂ ਰਾਤੀਂ ਵੀ ਤਪ,
ਰਾਤਾਂ ਨੂੰ ਐਵੇਂ ਨਾ ਠੁਰ ਠੁਰ ਕਰਿਆ ਕਰ ।

ਜੇ ਧਰਤੀ ਦੀ ਸਰਦੀ ਦਾ ਹੈ ਤੈਨੂੰ ਗ਼ਮ,
ਅੰਬਰ ਚੋਂ ਅੰਗਿਆਰੇ ਬਣ ਕੇ ਵਰਿਆ ਕਰ ।

ਅੱਜ-ਕੱਲ ਆਪਣਿਆਂ ਦਾ ਹੀ ਵਿਸ਼ਵਾਸ ਨਹੀਂ,
ਗ਼ੈਰਾਂ ਤੇ ਇਤਬਾਰ ਦਿਲਾ ਨਾ ਕਰਿਆ ਕਰ ।

ਘੁੱਟ-ਘੁੱਟ ਜੀਣਾ ਕੁੜ੍ਹ-ਕੁੜ੍ਹ ਮਰਨਾ ਠੀਕ ਨਹੀਂ,
ਮਰਨਾ ਹੀ ਹੈ, ਚੰਗੀ ਮੌਤੇ ਮਰਿਆ ਕਰ ।

ਮੈਂ ਇਹ ਹਾਲ ਬਣਾਇਐ ਅਪਣੀ ਮਰਜ਼ੀ ਨਾਲ,
ਮੈਨੂੰ ਵੇਖ ਕੇ ਹੌਕੇ ਨਾ ਤੂੰ ਭਰਿਆ ਕਰ ।

ਹੁੰਦੀ ਹੈ ਤਕਲੀਫ਼ ਬੜੀ "ਪਰਦੇਸੀ" ਨੂੰ,
ਦੁਖਦੀ ਰਗ ਤੇ ਉਂਗਲ ਨਾ ਤੂੰ ਧਰਿਆ ਕਰ ।

## ਫੇਰ ਕੀ ਤੂੰ ਰੱਬ ਹੋ ਗਈਓਂ

ਸਾਡੇ ਪ੍ਰੇਮ ਦੀ ਕੁੱਲੀ ਨੂੰ ਅੱਗ ਲਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।
ਮਹਿਲਾਂ ਵਾਲਿਆਂ ਦੀ ਸੇਜ ਹੰਢਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।

ਸਾਡਾ ਲੈ ਗਈਓਂ ਚੁਰਾ ਕੇ ਹੀਰੇ ਹੱਸਣਾ ।
ਸਾਨੂੰ ਗ਼ਮਾਂ ਦੇ ਗੁਆਂਢ ਪਿਆ ਵੱਸਣਾ ।
ਤੂੰ ਕੀ ਜਾਣੇ ਤੂੰ ਜਦੋਂ ਤੋਂ ਅੱਖਾਂ ਫੇਰੀਆਂ ।
ਸਾਡੀ ਜਿੰਦ ਤੇ ਕੀ ਝੁਲੀਆਂ ਹਨੇਰੀਆਂ ।
ਅੱਖਾਂ ਵੈਰਨੇ ਰਕੀਬਾਂ ਸੰਗ ਲਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।

ਸਾਡੀ ਰੂਹ ਲੈ ਗਈਓਂ ਡੋਲੀ 'ਚ ਬਿਠਾਲ ਕੇ ।
ਸਾਡੇ ਚਾਵਾਂ ਨੂੰ ਸਿਵ੍ਹੇ ਦੇ ਵਿਚ ਬਾਲ ਕੇ ।
ਤੈਨੂੰ ਤਾਂ ਹੋ ਗਈਆਂ ਛਾਵਾਂ ਨੇ ਪਿਆਰੀਆਂ,
ਤੂੰ ਕੀ ਜਾਣੇ ਕਿੰਜ ਧੁੱਪਾਂ ਮੈਂ ਗੁਜ਼ਾਰੀਆਂ ।

ਮੋਗਾ ਛਡ ਕੇ ਅੰਬਰਸਰ ਜਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।
ਤੈਨੂੰ ਚਾਂਦੀ ਦੇ ਖੜਾਕਾਂ ਘੇਰਾ ਪਾ ਲਿਆ ।
ਨੀਂ ਅਸੀਂ ਤੱਤੀਆਂ ਰੁੱਤਾਂ ਨੂੰ ਗਲ ਲਾ ਲਿਆ ।
ਤਾਂਬੇ ਰੰਗੀਏ ਤੂੰ ਇਹ ਕੀ ਲੋਹੜਾ ਮਾਰਿਆ ।
ਸਾਡੀ ਅਉਧ ਤੇ ਤਵੇ ਦਾ ਰੰਗ ਚਾੜ੍ਹਿਆ ।

ਸਾਨੂੰ ਦੇਸੋਂ ''ਪਰਦੇਸੀ'' ਨੀ ਬਣਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।
ਸਾਡੇ ਪ੍ਰੇਮ ਦੀ ਕੁੱਲੀ ਨੂੰ ਅੱਗ ਲਾ ਕੇ,
ਫੇਰ ਕੀ ਤੂੰ ਰੱਬ ਹੋ ਗਈਓਂ ।



## ਹੋ ਗਿਆ ਖ਼ੂਨ ਸਫ਼ੈਦ

ਕੌਣ ਭਰੋਸਾ ਰੱਖੇ, ਇਹਨਾਂ ਸੱਜੀਆਂ ਬਾਹਵਾਂ ਤੇ ।
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ ।

ਪਹਿਲਾਂ ਵੱਡਾ ਭਾਈ ਹੁੰਦਾ ਬਾਪ ਬਰਾਬਰ ਸੀ,
ਹੁਣ ਛੋਟਾ ਵੱਡੇ ਦੀ ਇੱਜ਼ਤ ਨੂੰ ਹੱਥ ਪਾਉਂਦਾ ਹੈ ।
ਅੱਜ ਕਲ ਉਹਨਾਂ ਰੁੱਖਾਂ ਤੋਂ ਅੰਗਿਆਰੇ ਵਰਦੇ ਨੇ,
ਮਾਣ ਸੀ ਜਿਹੜੇ ਰੁੱਖਾਂ ਦੀਆਂ ਠੰਡੀਆਂ ਛਾਵਾਂ ਤੇ ।
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ ।

ਪਹਿਲਾਂ ਭਾਈਆਂ ਬਦਲੇ ਭਾਈ ਜਾਨ ਗੁਆਉਂਦੇ ਸੀ,
ਗਿਠ ਮਿੱਟੀ ਖਾਤਰ ਹੁਣ ਵਢਦੇ, ਭਾਈ, ਭਾਈ ਨੂੰ ।
ਵੰਡਾਂ ਨੇ ਕੁਝ ਐਸਾ ਅੱਜ ਕਲ ਕਹਿਰ ਕਮਾਇਆ ਹੈ,
ਖ਼ੂਨੀ ਰਿਸ਼ਤੇ ਟੁੱਟਦੇ ਵੇਖੇ ਮੱਝਾਂ ਗਾਵਾਂ ਤੇ ।
ਹੋ ਗਿਆ ਖ਼ੂਨ ਸਫ਼ੈਦ ਕੀ ਲੋਕੋ ਮਾਣ ਭਰਾਵਾਂ ਤੇ ।

ਅੱਜਕਲ ਧਰਤੀ ਦੀ ਤੇ ਧਨ ਦੀ ਗੱਲ ਹੀ ਦੂਰ ਰਹੀ,
ਮਾਂ ਤੇ ਪਿਉ ਵੀ ਭਾਈਆਂ ਦੇ ਵਿਚ ਵੰਡੇ ਜਾਂਦੇ ਨੇ ।
ਕਿਸ-ਕਿਸ ਨੇ ਕਿੰਨੇ ਦਿਨ ਰੋਟੀ ਦੇਣੀ ਇਹਨਾਂ ਨੂੰ,
ਮਰਨੇ ਤੇ ਕਿਸ ਪੈਸੇ ਲਾਉਣੇ ਕਿਸ-ਕਿਸ ਥਾਵਾਂ ਤੇ ।
ਕੌਣ ਭਰੋਸਾ ਰੱਖੇ ਇਹਨਾਂ ਸੱਜੀਆਂ ਬਾਹਵਾਂ ਤੇ ।

ਭਾਈਆਂ ਵਾਲਿਓ, ਭਾਈਆਂ ਦਾ ਵੇ ਗ਼ਰੂਰ ਨਹੀਂ ਕਰੀਓ,
''ਪਰਦੇਸੀ'' ਅੱਜ-ਕਲ ਭਾਈ ਮਤਲਬ ਦੇ ਭਾਈ ਨੇ ।
ਬੇ-ਗ਼ੈਰਤ ਕੀ ਸਮਝਣ ਰਿਸ਼ਤਾ ਕੀ ਹੈ ਭਾਈ ਦਾ,
ਭਾਈਆਂ ਬਾਝੋਂ ਬੇ-ਗ਼ੈਰਤ ਨਾ ਮਰਨ ਕੁਥਾਵਾਂ ਤੇ ।
ਕੌਣ ਭਰੋਸਾ ਰੱਖੇ ਇਹਨਾਂ ਸੱਜੀਆਂ ਬਾਹਵਾਂ ਤੇ ।

## ਖ਼ੁਦਾ ਹਾਫ਼ਿਜ਼

ਮੇਰਾ ਦਿਲ ਤੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।
ਗ਼ਮਾਂ ਸੰਗ ਜੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।

ਅਸਾਡੀ ਪ੍ਰੀਤ ਦੀ ਦੁਨੀਆਂ, ਅਸਾਡੇ ਪਿਆਰ ਦੇ ਮੋਤੀ,
ਝਨਾ ਵਿਚ ਰੋੜ੍ਹ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ !

ਅਸੀਂ ਖ਼ਾਰਾਂ ਤੇ ਤੁਰ-ਤੁਰ ਕੇ ਤੁਹਾਡੇ ਕੋਲ ਪਹੁੰਚੇ ਸੀ,
ਤੁਸੀਂ ਮੁਖ ਮੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।

ਅਸੀਂ ਇਸ ਪਿਆਰ ਦੇ ਫੁਲ ਨੂੰ ਬਹੁਤ ਹੀ ਪਿਆਰ ਕੇ ਰੱਖਿਆ,
ਤੁਸੀਂ ਮਰੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।

ਮੁਹੱਬਤ ਦੀ ਕਸਮ ਖਾਧੀ ਤੁਰਾਂਗੇ ਉਮਰ ਭਰ ਕੱਠੇ,
ਮਗਰ ਹੁਣ ਛੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।

ਕਿਨਾਰੇ ਨਹਿਰ ਦੇ ਬਹਿ ਕੇ, ਜੋ ਚੁਲੀਆਂ ਭਰ ਕੇ ਕੀਤੇ ਸੀ,
ਉਹ ਵਾਅਦੇ ਤੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ।

ਨਾ 'ਪਰਦੇਸੀ ਜੀ' ਨਿਕਲੇਗਾ ਜੋ ਸਾਡੇ ਦਿਲ ਚੋਂ ਜੀਵਨ ਭਰ,
ਉਹ ਕੰਡਾ ਪੋੜ ਚੱਲੇ ਹੋ, ਚਲੋ ਅੱਛਾ ਖ਼ੁਦਾ ਹਾਫ਼ਿਜ਼ ਹਾਫ਼ਿਜ਼ ।

□



## ਚਾਨਣੀਆਂ ਦਾ ਦਰਿਆ

ਆ ਜਾ ਸੱਜਣਾ ਕਾਹਨੂੰ ਏਨਾਂ,
ਦਿਲ ਤੂੰ ਪੱਥਰ ਕਰਿਆ ਵੇ ।
ਸਾਡੇ ਦਿਲ ਨੂੰ ਧੂ ਪਾਉਂਦਾ ਏ,
ਚਾਨਣੀਆਂ ਦਾ ਦਰਿਆ ਵੇ ।

ਵਾ, ਅੰਗਿਆਰਾਂ ਸੰਗ ਖਹਿ-ਖਹਿ ਕੇ,
ਅੱਗ ਫਿਰੇ ਭੜਕਾਂਦੀ ਵੇ ।
ਖ਼ਬਰੇ ਕਿਉਂ ਆਏ ਦਿਨ ਸਾਡੀ,
ਰਾਤ ਸਰਾਪੀ ਜਾਂਦੀ ਵੇ ।

ਤਿੜ-ਤਿੜ ਕਰਕੇ ਤਾਰੇ ਤਿੜਕੇ,
ਜਦ ਮੈਂ ਹਉਕਾ ਭਰਿਆ ਵੇ ।
ਆ ਜਾ ਸਜਣਾ ਕਾਹਨੂੰ ਏਨਾਂ,
ਦਿਲ ਤੂੰ ਪੱਥਰ ਕਰਿਆ ਵੇ ।

ਚਾਨਣੀਆਂ ਰਾਤਾਂ ਨੇ ਸੀਨੈ,
ਐਸੇ ਭਾਂਬੜ ਬਾਲੇ ਵੇ ।
ਮੇਰੀ ਹਰ ਸੱਧਰ ਦੇ ਦਿਲ ਤੇ,
ਹੋਏ ਛਾਲੇ ਛਾਲੇ ਵੇ ।

ਨੈਣਾਂ ਦੇ ਵਿਚ ਡਕਿਆ ਸਾਵਣ,
ਛਮ ਛਮ ਕਰਕੇ ਵਰ੍ਹਿਆ ਵੇਂ ।
ਸਾਡੇ ਦਿਲ ਨੂੰ ਧੂ ਪਾਉਂਦਾ ਏ,
ਚਾਨਣੀਆਂ ਦਾ ਦਰਿਆ ਵੇ ।

ਜਦ ਮੈਂ ਵੇਖਾਂ ਫੁੱਲਾਂ ਦੇ ਸੰਗ,
ਭਰਦੀ ਪੌਣ ਕਲਾਵੇ ਵੇ ।
ਮੁੱਠਾਂ ਦੇ ਵਿਚ ਘੁਟ ਘੁਟ ਰੱਖੀ,
ਜਿੰਦ ਮੇਰੀ ਕਿਰ ਜਾਵੇ ਵੇ ।

ਆ "ਪਰਦੇਸੀ" ਹੋਰ ਤਸੀਹਾ,
ਜਾਂਦਾ ਨਹੀਂਓ ਜਰਿਆ ਵੇ ।
ਆ ਜਾ ਸਜਣਾ ਕਾਹਨੂੰ ਏਨਾ,
ਦਿਲ ਤੂੰ ਪੱਥਰ ਕਰਿਆ ਵੇ ।

□



## ਜਿੰਦੇ ਮੇਰੀਏ

ਬਹਿ ਜਾ ਮੇਰੇ ਕੋਲ ਨੀ ਜਿੰਦੇ ਮੇਰੀਏ ।
ਦਿਲ ਦੇ ਦੁਖੜੇ ਫੋਲ ਨੀ ਜਿੰਦੇ ਮੇਰੀਆਂ ।

ਇਹ ਦੁਨੀਆਂ ਖ਼ੁਦਗਰਜ਼ਾਂ ਦੀ ਜ਼ਰਦਾਰਾਂ ਦੀ ।
ਏਥੇ ਕਿਸ ਨੂੰ ਸਾਰ ਪਵਿੱਤਰ ਪਿਆਰਾਂ ਦੀ ।
ਕਿਸ ਕੋਲੇ ਹੈ ਵਿਹਲ ਮੁਹੱਬਤ ਕਰਨੇ ਦੀ ।
ਏਥੇ ਲੱਗੀ ਦੌੜ ਸਕੂਟਰ ਕਾਰਾਂ ਦੀ ।

ਤੂੰ ਡਾਢੀ ਅਣਭੋਲ, ਨੀ ਜਿੰਦੇ ਮੇਰੀਏ ।
ਬਹਿ ਜਾ ਮੇਰੇ ਕੋਲ, ਨੀ ਜਿੰਦੇ ਮੇਰੀਏ ।
ਇਸ ਗੁਲਸ਼ਨ ਤੇ ਚੌਧਰ ਹੈ ਸ਼ੈਤਾਨਾਂ ਦੀ ।
ਹੋਲੀ ਪਾਉਂਦੇ ਕਲੀਆਂ ਦੇ ਅਰਮਾਨਾਂ ਦੀ ।

ਫੁੱਲ ਤਿਤਲੀਆਂ ਦੀਆਂ ਚਿਤਾਵਾਂ ਆਖਦੀਆਂ ।
ਬਾਗ਼ਾਂ ਵਿਚ ਹੈ ਮਰਿਯਾਦਾ, ਸ਼ਮਸ਼ਾਨਾਂ ਦੀ ।
ਰੱਤੇ ਹੰਝੂ ਨਾ ਡੋਲ੍ਹ, ਨੀ ਜਿੰਦੇ ਮੇਰੀਏ ।
ਦਿਲ ਦੇ ਦੁਖੜੇ ਫੋਲ, ਨੀ ਜਿੰਦੇ ਮੇਰੀਏ ।

ਇਸ਼ਕ ਕਦੋਂ ਹੁਣ ਫਿਰਦੇ ਹਾਲ ਫ਼ਕੀਰਾਂ ਦੇ ।
ਕਿੱਸੇ ਬਦਲ ਗਏ ਨੇ ਰਾਂਝੇ ਹੀਰਾਂ ਦੇ ।
ਇਕ ਥਾਉਂ ਟੁੱਟੀ, ਦੂਜੇ ਥਾਂ ਤੇ ਲੱਗ ਗਈ ।
ਅਜ ਕਲ ਦੀ ਹੈ ਸਾਂਝ ਸਬੰਧ ਸਰੀਰਾਂ ਦੇ ।

ਕੌਣ ਹੈ, ਕਿਸ ਦਾ ਢੋਲ, ਨੀ ਜਿੰਦੇ ਮੇਰੀਏ ।
ਬਹਿ ਜਾ ਮੇਰੇ ਕੋਲ, ਨੀ ਜਿੰਦੇ ਮੇਰੀਏ ।
ਤੂੰ ਵੀ ਕੀ 'ਰਾਜਿੰਦਰ' ਮੀਤ ਬਣਾਇਆ ਨੀ ।
ਮੁੜ ਕੇ ਨਾ 'ਪਰਦੇਸੀ' ਵਤਨੀਂ ਆਇਆ ਨੀ ।

ਫੇਰ ਕਦੀ ਨਾ ਬਹੁੜਨ ਡਾਕੂ ਰੰਗਾਂ ਦੇ ।
ਜਦ ਮੁਕ ਜਾਵੇ ਜੋਬਨ ਦਾ ਸਰਮਾਇਆ ਨੀ ।
ਹੁਣ ਕੀ ਤੇਰੇ ਕੋਲ, ਨੀ ਜਿੰਦੇ ਮੇਰੀਏ ।
ਦਿਲ ਦੇ ਦੁਖੜੇ ਫੋਲ, ਨੀ ਜਿੰਦੇ ਮੇਰੀਏ ।

□

# ਤੇਰੇ ਤੁਰ ਜਾਣ ਤੋਂ ਪਹਿਲਾਂ

ਮੈਂ ਏਥੋਂ ਤੁਰ ਗਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।
ਮੈਂ ਮਹੁਰਾ ਖਾ ਲਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਤੂੰ ਸਾਡੀ ਰੋਸ਼ਨੀ ਲੈ ਕੇ ਨਾ ਹੁੰਦਾ ਦੂਰ ਸਾਡੇ ਤੋਂ,
ਇਹ ਦੀਵਾ ਬੁਝ ਗਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਅਸੀਂ ਸਹਿਰਾ 'ਚ ਰੋ-ਰੋ ਕੇ ਨਾ ਤੇਰੀ ਭਾਲ ਹੁਣ ਕਰਦੇ,
ਜੇ ਤੈਨੂੰ ਰੋਕਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਇਹ ਕਿਸ ਨੂੰ ਸੀ ਯਕੀਨ ਏਨਾ ਕਿ ਆਪਾ ਵੀ ਨਹੀਂ ਲਭਣਾ,
ਮੈਂ ਖ਼ੁਦ ਨੂੰ ਸਾਂਭਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਖ਼ਬਰ ਕੀ ਸੀ ਕਿ ਸਾਰੀ ਉਮਰ ਫਿਰ ਨੀਂਦਰ ਨਹੀਂ ਆਉਣੀ,
ਮੈਂ ਰਜ ਕੇ ਸੌਂ ਲਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਮੈਂ ਦੁਨੀਆਂ ਚੋਂ ਚਲੇ ਜਾਣੈਂ, ਤੇਰੇ ਤੁਰ ਜਾਣ ਦੇ ਪਿੱਛੋਂ,
ਮੈਂ ਤੈਨੂੰ ਦੱਸਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

ਪਤਾ ਹੁੰਦਾ ਜੇ "ਪਰਦੇਸੀ" ਨਾ ਆਵੇਂਗਾ ਕਦੀ ਮੁੜ ਕੇ,
ਮੈਂ ਰਜ ਰਜ ਮਾਣਿਆ ਹੁੰਦਾ, ਤੇਰੇ ਤੁਰ ਜਾਣ ਤੋਂ ਪਹਿਲਾਂ ।

□



# ਜ਼ੁਲਮ-ਅੱਗੇ

ਜ਼ੁਲਮ ਅੱਗੇ ਛਾਤੀਆਂ ਉਹ ਤਾਣਦੇ ।
ਆਦਮੀ ਜੋ ਮਰ ਮਿਟਣ ਨੇ ਜਾਣਦੇ ।

ਜ਼ਿੰਦਗੀ ਭਾਵੇਂ ਹੈ ਇਕ ਕਰੜੀ ਸਜ਼ਾ,
ਜ਼ਿੰਦਗੀ ਫਿਰ ਵੀ ਅਸੀਂ ਹਾਂ ਮਾਣਦੇ ।

ਮਾਰਦੇ ਪੱਥਰ ਹੋ ਉਸ ਨੂੰ ਜ਼ਾਲਮੋਂ,
ਫਲ ਬੜੇ ਮਿੱਠੇ ਨੇ ਜਿਹੜੀ ਟਾਹਣ ਦੇ ।

ਹਰ ਖ਼ੁਸ਼ੀ ਤੈਨੂੰ ਮੁਬਾਰਕ ਮਹਿਰਮਾ,
ਗ਼ਮ ਲਏ ਮੈਂ ਭਾਲ ਅਪਣੇ ਹਾਣ ਦੇ ।

ਦਰਦ ਜਿਹੜੇ ਬੇ-ਘਰੇ ਹਨ ਹੋ ਗਏ,
ਆਣ ਦੇ ਮੇਰੇ ਬਰੂਹੀਂ ਆਣ ਦੇ ।

□

## ਸਾਲ (1980 ਨੂੰ ਸਮਰਪਤ)

ਬੀਤੇ ਵਰ੍ਹੇ ਦੇ ਵਾਂਗ ਹੀ ਚੜ੍ਹਿਆ ਹੈ ਇਹ ਵੀ ਸਾਲ ।
ਇਸ ਸਾਲ ਵਿਚ ਵੀ ਵੇਖ ਤੂੰ ਹੁੰਦਾ ਹੈ ਕੀ ਕਮਾਲ ।

ਮਿਲੀਆਂ ਨੇ ਫਿਰ ਵਧਾਈਆਂ ਬੀਤੇ ਵਰ੍ਹੇ ਦੇ ਵਾਂਗ,
ਉੱਠੀ ਹੈ ਚੀਸ ਦਿਲ ਤੇ ਵਧਾਈ ਦੇ ਸੇਕ ਨਾਲ ।

ਇਹ ਸਾਲ ਦੱਸੋ ਕਰਨਾ ਹੈ ਨੇਤਾ ਜੀ ਕਿਸ ਦੇ ਨਾਮ,
ਪਿਛਲਾ ਵਰ੍ਹਾ ਹੰਢਾ ਕੇ ਤੇ ਹੋਏ ਜਵਾਨ ਬਾਲ ।

ਕਰਨਾ ਮਤਾ ਵੀ ਪਾਸ ਹੈ ਬੀਤੇ ਵਰ੍ਹੇ ਦੇ ਵਾਂਗ,
ਆਪਾਂ ਹੈ ਹੁਣ ਸੰਵਾਰਨੀ ਵਿਗੜੇ ਸਮੇਂ ਦੀ ਚਾਲ ।

ਮੰਡੀ 'ਚ ਪਹਿਲਾਂ ਅਲੋਪ ਹੈ ਹਰ ਚੀਜ਼ ਲੋੜਚੋਂ,
ਪਾਵੋਗੇ ਫੇਰ ਐਤਕੀਂ ਕਿਹੜੀ ਜਿਣਸ ਦਾ ਕਾਲ ।

ਚਾਹੁੰਦੇ ਹਾਂ ਕੋਲੋਂ ਦੇਖਣੀ ਹਰ ਸਾਲ ਜ਼ਿੰਦਗੀ,
ਹਰ ਸਾਲ ਜ਼ਿੰਦਗੀ ਦਾ ਹੀ ਲੈਂਦੇ ਹਾਂ ਏਦਾਂ ਗਾਲ ।

ਕੋਈ ਵਰ੍ਹਾ ਵੀ ਇੰਜ ਨਾ ਆਉਣਾ ਹੈ ਸਾਡੇ ਮੇਚ,
ਅਪਣੇ ਹੀ ਹਾਣ ਦਾ ਹੁਣ ਚਾੜ੍ਹਾਂਗੇ ਆਪੇ ਸਾਲ ।

□



## ਦਰਿਆਵਾਂ ਨਾਲ

ਜਦ ਤੋਂ ਯਾਰੀ ਲਾਈ ਹੈ ਦਰਿਆਵਾਂ ਨਾਲ ।
ਵਾਹ ਪੈਂਦਾ ਰਹਿੰਦਾ ਹੈ ਰੋਜ਼ ਬਲਾਵਾਂ ਨਾਲ ।

ਗ਼ੈਰਾਂ ਨੂੰ ਤਾਂ ਛੱਡੋ ਜਿਹੜਾ ਅਪਣਾ ਹੈ,
ਨ੍ਹੇਰੇ ਵਿਚ ਕਦ ਰਹਿੰਦਾ ਹੈ ਪਰਛਾਵਾਂ ਨਾਲ ।

ਉਹ ਦਿਨ ਮੈਨੂੰ ਯਾਦ ਜਦੋਂ ਆ ਜਾਂਦਾ ਹੈ,
ਪੁੱਛੋ ਨਾ ਕੀ ਬੀਤੇ ਮੇਰੇ ਸਾਹਵਾਂ ਨਾਲ ।

ਵੇਖੋ ਇਹ ਰੁੱਖਾਂ ਦੇ ਕੇਹੇ ਵੈਰੀ ਨੇ,
ਰਿਸ਼ਤਾ ਵੀ ਰੱਖਦੇ ਨੇ ਜਿਹੜੇ ਛਾਂਵਾਂ ਨਾਲ ।

ਚੁੱਲ੍ਹਾ ਗਰਮ ਕਰੇ ਬਿਨ ਹੀ ਸੌਂ ਜਾਂਦੇ ਹਾਂ,
ਬਾਜ਼ਾਰੋਂ ਜਦ ਰਜ ਕੇ ਆਈਏ "ਭਾਵਾਂ" ਨਾਲ ।

ਅਪਣੀ ਹਸਤੀ ਆਪ ਗਵਾ ਕੇ ਝੂਰਨਗੇ,
ਹੰਸਾਂ ਨੇ ਲਾਈ ਹੈ ਯਾਰੀ ਕਾਵਾਂ ਨਾਲ ।

ਅਪਣੇ ਜਜ਼ਬੇ ਦਫ਼ਨਾ ਕੇ ਤੁਰ ਚੱਲੇ ਹਾਂ,
ਸ਼ਹਿਰ ਤੇਰੇ ਆਏ ਸਾਂ ਲੱਖਾਂ ਚਾਵਾਂ ਨਾਲ ।

ਤੁਰਨੋਂ ਪਹਿਲਾਂ ਮੈਂ ਤੈਨੂੰ ਦਸ ਦਿੱਤਾ ਸੀ,
ਮੇਰਾ ਰਿਸ਼ਤਾ ਹੈ ਤਪਦੇ ਸਹਿਰਾਵਾਂ ਨਾਲ ।

ਗ਼ਰਜ਼ਾਂ ਦਾ ਕੈਦੀ ਹੋਇਆ ਹੈ "ਪਰਦੇਸੀ"
ਬੱਝ ਗਿਐ ਜਿਸ ਦਿਨ ਦਾ ਚਾਰ ਕੁ ਲਾਵਾਂ ਨਾਲ ।

□

## ਇਲਜ਼ਾਮ

ਚਲੋ ਜੇ,
ਜੂਨ ਹੰਝੂ ਦੀ ਹੰਢਾ ਕੇ
ਤੇਰੀ ਬੁੱਕਲ 'ਚ ਹੀ ਮੈਂ,
ਕਿਰ ਗਿਆ ਹਾਂ ।
ਖ਼ਬਰ ਤਕ ਤਾਂ
ਨਹੀਂ ਹੋਈ ਕਿਸੇ ਨੂੰ ,
ਕੋਈ ਸਾਜ਼ਿਸ਼
ਮੁਹੱਬਤ ਹੋ ਨਹੀਂ ਸਕਦੀ,
ਤੇ ਮੇਰੇ ਪਿਆਰ ਨੂੰ
ਸਾਜ਼ਿਸ਼ ਕਹੇਂ ਤੂੰ !
ਜਦੋਂ ਵੀ,
ਖੁੱਲ੍ਹੀਆਂ ਅੱਖਾਂ ਦੀ ਤੰਗੀ,
ਕਿਸੇ ਸੁਪਨੇ ਨੂੰ,
ਫ਼ਾਂਸੀ ਤੇ ਝੜਾਵੇ ।
ਕਿਸੇ ਦੀ ਚਾਨਣੀ ਦੇ ਖ਼ੂਨ ਦੇ ਵਿਚ,
ਜਦੋਂ ਵੀ
ਰਾਤ ਹੈ ਨ੍ਹਾਉਂਦੀ ਕਿਸੇ ਦੀ
ਨਸੀਬੀਂ
ਅੰਤ ਇਹ ਮਿਲਦੈ ਕਿਸੇ ਨੂੰ,
ਮੇਰੇ ਇਸ ਅੰਤ ਤੇ ਤਾਂ
ਮੁਸਕਰਾ ਲੈ ।
ਚਲੋ ਮੈਂ,
ਜੂਨ ਹੰਝੂ ਦੀ ਹੰਢਾ ਕੇ,
ਤੇਰੀ ਬੁੱਕਲ 'ਚ ਹੀ ਜੇ,
ਕਿਰ ਗਿਆ ਹਾਂ ।



ਖ਼ਬਰ ਤਕ ਤਾਂ
ਨਹੀਂ ਹੋਈ ਕਿਸੇ ਨੂੰ ?
ਤੂੰ ਇਹ ਵੀ ਸੋਚ ਕੇ ਮੈਂ
ਨਹੀਂ ਹਾਂ,
ਚਿਪਕਿਆ ਦਾਮਨ ਤੇ ਤੇਰੇ,
ਕੋਈ ਇਲਜ਼ਾਮ ਬਣ ਕੇ ।

□

## ਸੁਪਨਾ ਝੁਲਸ ਗਿਆ

ਲੰਘਣ ਨੂੰ ਤਾਂ ਲੰਘ ਹੀ ਜਾਂਦੇ ਅਗਨੀ ਦਾ ਦਰਿਆ ।
ਪਰ ਕੰਢੇ ਤੇ ਖੜ੍ਹਿਆਂ ਦਾ ਹੀ ਸੁਪਨਾ ਝੁਲਸ ਗਿਆ ।

ਜਮਨਾ ਤੋਂ ਰਾਵੀ ਤਕ ਹੋਏ ਪਾਣੀ ਪਾਣੀ ਲੋਕ,
ਸੋਚਣ, ਮਾਨਵਤਾ ਦਾ ਟੱਬਰ ਕਿੱਥੇ ਡੁੱਬ ਗਿਆ ।

ਦਿਲ ਪੱਥਰ ਕਰਕੇ ਜੀਵੇਂਗਾ ਐਸੀ ਰੁੱਤੇ ਕੌਣ,
ਇਸ ਕਰਕੇ ਸਾਰੇ ਦਾ ਸਾਰਾ ਮੈਂ ਪੱਥਰ ਹੋਇਆ ।

ਆਲ੍ਹਣਿਆਂ ਚੋਂ ਫੜ ਕੇ ਜਦ ਪੁੱਠੇ ਲਟਕਾਏ ਬੋਟ,
ਤੂੰ ਕੀ ਜਾਣੇਂ ਮੇਰੇ ਅੰਦਰੋਂ ਕੀ ਕੁਝ ਬਿਖਰ ਗਿਆ ।

ਤੜਕੇ ਤੋਂ ਆਥਣ ਤਕ ਸੁਣਦਾਂ ਸੋਗੀ ਸੋਗੀ ਗੀਤ,
ਮੇਰੇ ਨਗਰੋਂ ਹਾਸਾ ਖ਼ਬਰੇ ਕਿੱਥੇ ਉੱਡ ਗਿਆ ।

ਉਹ ਵੀ ਦਿਨ ਸਨ, ਸਾਡੇ ਸਿਰ ਤੇ ਸੀ ਸਤਰੰਗੀ ਪੀਂਘ,
ਇਹ ਵੀ ਦਿਨ ਹਨ 'ਕਾਲਾ ਸਾਇਆ' ਸਿਰ ਤੇ ਹੈ ਟਿਕਿਆ ।

ਕਦ "ਪਰਦੇਸੀ" ਅਪਣੇ ਦਿਲ ਦੀ ਬਾਤ ਕਰੇਂਗਾ ਤੂੰ,
ਕਿਹੜੀ ਗੱਲੋਂ ਰਹਿਨੈਂ ਤੂੰ ਹਰ ਪਲ ਬੁਝਿਆ ਬੁਝਿਆ ।

□



## ਮੈਂ ਕਦੀ ਨਹੀਂ ਸੌਵਾਂਗਾ

ਟਾਹਲੀਆਂ ਦੇ
ਰੱਤੇ ਹੋ ਚੁੱਕੇ ਪੱਤੇ
ਤੇ ਪੱਤਿਆਂ ਤੋਂ
ਤਿਪ ਤਿਪ ਕਰਕੇ,
ਰੱਤੀ ਤ੍ਰੇਲ ਦੇ
ਡਿੱਗਦੇ ਤੁਪਕੇ ।
ਸੜਕ ਦੇ ਐਨ ਵਿਚਾਲੇ
ਗਿਰਝਾਂ ਦਾ
ਹੋ ਰਿਹਾ ਸੰਮੇਲਨ ।
ਘੋੜਿਆਂ ਦੇ
ਸੁੰਮਾਂ ਦੇ ਖੜਾਕ ਤੋਂ
ਡਰ ਡਰ ਕੇ
ਚੀਕਾਂ ਮਾਰਦੇ ਬੱਚੇ !
ਆਪਣੀ ਪਿੱਠ ਤੇ
ਬਾਜ਼ ਦੇ ਬੱਚੇ ਨੂੰ ਲੈ ਕੇ
ਉੱਡਦੀ ਚਿੜੀ !

ਅੱਖਾਂ ਖੁਲ੍ਹਦਿਆਂ
ਸਾਹਮਣੀ ਕੰਧ ਤੇ ਟੰਗੀ
ਬਾਬੇ ਨਾਨਕ ਦੀ ਤਸਵੀਰ ਅੱਗੇ
ਦੋਵੇਂ ਹੱਥ ਜੋੜ
ਮੈਂ ਪੂਰੇ ਦਾ ਪੂਰਾ
ਨਮਸਕਾਰ ਹੋ
ਭਿਖਿਆ ਮੰਗੀ
ਹੇ ਬਾਬਾ !
ਇਹ ਸੁਪਨਾ ਸੱਚ ਨਾ ਹੋਵੇ ।
ਪਰ

ਹੁਣ ਜਦ ਮੈਂ
ਸੁਪਨਾ ਸੱਚ ਹੋਇਆ ਤਕਦਾਂ
ਤਾਂ
ਭਿਖਿਆ ਮੰਗਦਾਂ
ਹੇ ਬਾਬਾ !
ਮੈਨੂੰ ਨੀਂਦ ਨਾ ਆਵੇ
ਮੈਨੂੰ,
ਕਦੀ ਵੀ ਨੀਂਦ ਨਾ ਆਵੇ
ਹੁਣ ਮੈਂ
ਕਦੀ ਨਹੀਂ ਸੌਂਵਾਂਗਾ
ਕਦੀ ਵੀ ਨਹੀਂ ਸੌਂਵਾਂਗਾ ।

□



## ਗੀਤ ਮੇਰੀ ਪ੍ਰੀਤ

ਇਹ ਗੀਤ ਮੇਰੀ ਪ੍ਰੀਤ ਨੇ ।
ਇਹ ਗੀਤ ਮੇਰਾ ਪਿਆਰ ਨੇ ।
ਹਨ ਗੀਤ ਸਾਂਝੀ ਪੀੜ ਦੇ,
ਇਹ ਗੀਤ ਹੀ ਗ਼ਮ ਖਾਰ ਨੇ ।

ਜੇ ਸੋਚੀਏ ਤਾਂ ਜ਼ਿੰਦਗੀ,
ਹਰ ਆਦਮੀ ਦੀ ਗੀਤ ਹੈ ।
ਕੀ ਦਰਦ ਹੈ ਕੀ ਫ਼ਰਜ਼ ਹੈ,
ਕੀ ਦੁਸ਼ਮਣੀ ਕੀ ਪ੍ਰੀਤ ਹੈ ।

ਹਨ ਰੰਗ ਕੀਤੇ ਵੱਖਰੇ,
ਗੀਤਾਂ ਦੇ ਇਸ ਸੰਸਾਰ ਨੇ ।
ਇਹ ਗੀਤ ਸਾਂਝੀ ਪੀੜ ਦੇ,
ਇਹ ਗੀਤ ਹੀ ਗ਼ਮਖਾਰ ਨੇ ।

ਰਾਧਾ ਨੇ ਹੌਕੇ ਭਰਦੀਆਂ,
ਜੇਲ੍ਹਾਂ 'ਚ ਕੈਦੀ "ਸ਼ਾਮ" ਨੇ ।
ਹਨ ਰੂਪ ਬਦਲੇ ਜ਼ਾਲਿਮਾਂ,
ਜ਼ੁਲਮਾਂ ਦੇ ਬਦਲੇ ਨਾਮ ਨੇ ।


ਇਨਸਾਫ਼ ਉਹ ਹਨ ਕਰ ਰਹੇ,
ਜੋ ਕਾਤਿਲਾਂ ਦੇ ਯਾਰ ਨੇ ।
ਇਹ ਗੀਤ ਮੇਰੀ ਪ੍ਰੀਤ ਨੇ,
ਇਹ ਗੀਤ ਮੇਰਾ ਪਿਆਰ ਨੇ ।

ਕੀ ਰਾਜ਼ ਦਿੱਤਾ ਖੋਲ੍ਹ ਹੈ,
ਮੇਰੀ ਇਹ ਛਿੰਦੀ ਕਲਮ ਨੇ ।
ਮੇਰੇ ਤੇ ਤੇਰੇ ਸ਼ਹਿਰ ਦੇ,
ਗਲੀਆਂ ਦੇ ਕਖ ਵੀ ਗ਼ਰਮ ਨੇ ।

ਦਾਰੂ ਕੀ ਸਾਡਾ ਕਰਨਗੇ,
ਜੋ ਆਪ ਹੀ ਬੀਮਾਰ ਨੇ ।
ਹਨ ਗੀਤ ਸਾਂਝੀ ਪੀੜ ਦੇ,
ਇਹ ਗੀਤ ਹੀ ਗ਼ਮਖਾਰ ਨੇ ।

ਇਹ ਗੀਤ ਮੇਰੇ ਸੱਚ ਦਾ,
ਚੌਕਾਂ 'ਚ ਹੋਕਾ ਦੇਣਗੇ ।
ਮੈਂ ਵੇਖਣਾ ਹੈ ਸੂਰਮੇ,
ਹੱਥ ਕੌਣ ਆ ਪਾਉਣਗੇ ।

ਇਹ ਗੀਤ ਹਨ ਫਰਿਆਦ ਤੇ,
ਇਹ ਗੀਤ ਹੀ ਤਲਵਾਰ ਨੇ ।
ਇਹ ਗੀਤ ਮੇਰੀ ਪ੍ਰੀਤ ਨੇ,
ਇਹ ਗੀਤ ਮੇਰਾ ਪਿਆਰ ਨੇ ।



ਪੰਜਾਬੀ-ਗ਼ਜ਼ਲ ਦਾ ਰਿਵਾਜ ਕੁਝ ਵਧੇਰੇ ਹੀ ਹੋ ਗਿਆ ਹੈ। ਪਰ ਕਈਆਂ ਲੋਕਾਂ ਦੀਆਂ ਗ਼ਜ਼ਲਾਂ ਵਿਚ ਤਾਂ ਸ਼ਿਅਰ ਫ਼ੌਜੀਆਂ ਵਾਂਗ ਪਰੇਡ ਕਰ ਰਹੇ ਪ੍ਰਤੀਤ ਹੁੰਦੇ ਹਨ ਤੇ ਕਈਆਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਦੀ ਅਮੀਰੀ ਤਾਂ ਹੈ ਪਰ ਛੰਦ-ਪ੍ਰਬੰਧ ਦੀ ਤੰਗਦਸਤੀ ਹੈ।

ਰਾਜਿੰਦਰ ਪਰਦੇਸੀ ਭਾਵੇਂ ਪੂਰਨ-ਆਧੁਨਿਕ-ਗ਼ਜ਼ਲਗੋ ਨਹੀਂ ਪਰ ਉਸ ਦੀਆਂ ਗ਼ਜ਼ਲਾਂ, ਨਜ਼ਮਾਂ, ਗੀਤਾਂ ਵਿਚ ਨਾ ਛੰਦ ਪ੍ਰਬੰਧ ਦੀ ਤੰਗਦਸਤੀ ਹੈ ਅਤੇ ਨਾ ਹੀ ਵਿਸ਼ੇ ਪ੍ਰਤੀ ਦਰਾਜ਼ਦਸਤੀ।

ਉਸਦੀਆਂ ਗ਼ਜ਼ਲਾਂ, ਨਜ਼ਮਾਂ, ਗੀਤਾਂ ਵਿਚ ਰੂਪ-ਤੇ ਵਿਸ਼ੇ ਦੀ ਹਮਆਹੰਗੀ ਹੈ। ਆਪਣੀ ਢਾਣੀ ਦੇ ਕਵੀਆਂ ਵਿਚੋਂ ਉਹ ਸਿਰਮੌਰ ਤੇ ਪਰੌਢ ਸ਼ਾਇਰ ਹੈ।

(ਜਗਤਾਰ)